ਜਨਰਲ ਅਸੈਂਬਲੀ ਦੇ 80ਵੇਂ ਸੈਸ਼ਨ ਦੀ ਉੱਚ-ਪੱਧਰੀ ਬਹਿਸ ਲਈ ਬੁਲਾਰਿਆਂ ਦੀ ਆਰਜ਼ੀ ਸੂਚੀ ਮੁਤਾਬਕ ਭਾਰਤ ਦੇ ‘ਸਰਕਾਰ ਮੁਖੀ (87)’ 26 ਸਤੰਬਰ ਦੀ ਸਵੇਰ ਨੂੰ ਸੈਸ਼ਨ ਨੂੰ ਸੰਬੋਧਨ ਕਰਨਗੇ। ਇਜ਼ਰਾਈਲ, ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਸਰਕਾਰਾਂ ਦੇ ਮੁਖੀ ਵੀ ਉਸੇ ਦਿਨ ”©71 ਆਮ ਬਹਿਸ ਨੂੰ ਸੰਬੋਧਨ ਕਰਨ ਵਾਲੇ ਹਨ।

ਮੋਦੀ ਇਸ ਸਾਲ ਫਰਵਰੀ ਵਿੱਚ ਵਾਸ਼ਿੰਗਟਨ, ਡੀਸੀ ਵਿੱਚ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਦੁਵੱਲੀ ਮੀਟਿੰਗ ਲਈ ਅਮਰੀਕਾ ਗਏ ਸਨ। ਆਪਣੀ ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ, ਮੋਦੀ ਅਤੇ ਟਰੰਪ ਨੇ 2025 ਦੇ ਪਤਝੜ ਤੱਕ ਆਪਸੀ ਲਾਭਦਾਇਕ, ਬਹੁ-ਖੇਤਰੀ ਦੁਵੱਲੇ ਵਪਾਰ ਸਮਝੌਤੇ (2“1) ਦੇ ਪਹਿਲੀ ਗੇੜ ਦੀ ਗੱਲਬਾਤ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ।

ਇਸ ਵਪਾਰਕ ਗੱਲਬਾਤ ਦਰਮਿਆਨ ਹੀ ਟਰੰਪ ਨੇ ਪਿਛਲੇ ਦਿਨੀਂ ਭਾਰਤ ’ਤੇ ਕੁੱਲ 50 ਫੀਸਦ ਟੈਰਿਫ ਲਗਾਇਆ, ਜਿਸ ਵਿੱਚ ਨਵੀਂ ਦਿੱਲੀ ਵੱਲੋਂ ਰੂਸੀ ਤੇਲ ਦੀ ਖਰੀਦ ਲਈ ਲਾਇਆ 25 ਫੀਸਦ ਦਾ ਜੁਰਮਾਨਾ ਵੀ ਸ਼ਾਮਲ ਹੈ, ਜੋ 27 ਅਗਸਤ ਤੋਂ ਲਾਗੂ ਹੋਵੇਗਾ।

ਉਧਰ ਟੈਰਿਫਾਂ ਦਾ ਜਵਾਬ ਦਿੰਦੇ ਹੋਏ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਦੇਸ਼ ਨੂੰ ਨਿਸ਼ਾਨਾ ਬਣਾਉਣਾ ਗੈਰ-ਵਾਜਬ ਹੈ। ਮੰਤਰਾਲੇ ਨੇ ਕਿਹਾ ਸੀ

# ਪਹਿਲੀ ਵਾਰ ਸੁਪਰੀਮ ਕੋਰਟ ਦੇ ਹੁਕਮਾਂ ’ਤੇ EVM ਵੋਟਾਂ ਦੀ ਮੁੜ ਗਿਣਤੀ, ਨਤੀਜਾ ਪਲਟਿਆ

## ਪਹਿਲਾਂ ਚੋਣ ਟ੍ਰਿਬਿਊਨਲ ਨੇ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ ਸੀ, ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 1 ਜੁਲਾਈ ਨੂੰ ਇਸ ਹੁਕਮ ਨੂੰ ਰੱਦ ਕਰ ਦਿੱਤਾ

**ਨਵੀਂ ਦਿੱਲੀ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਅਨੋਖੀ ਕਾਰਵਾਈ ਵਿੱਚ ਸੁਪਰੀਮ ਕੋਰਟ ਨੇ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਦੇ ਬੁਆਨਾ ਲੱਖੂ ਪਿੰਡ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਨਾਲ ਸਬੰਧਤ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (EVMs) ਅਤੇ ਹੋਰ ਰਿਕਾਰਡਾਂ ਨੂੰ ਤਲਬ ਕੀਤਾ ਅਤੇ ਆਪਣੀ ਪਰਿਸਰ ਵਿੱਚ ਵੋਟਾਂ ਦੀ ਮੁੜ ਗਿਣਤੀ ਕਰਵਾਈ, ਜਿਸ ਨਾਲ ਨਤੀਜਿਆਂ ਵਿੱਚ ਉਲਟਫੇਰ ਸਾਹਮਣੇ। ਇਹ ਮੁੜ ਗਿਣਤੀ ਸੁਪਰੀਮ ਕੋਰਟ ਦੇ ਓਐੱਸਡੀ (ਰਜਿਸਟਰਾਰ) ਕਾਵੇਰੀ ਵੱਲੋਂ ਦੋਵਾਂ ਧਿਰਾਂ ਅਤੇ ਉਨ੍ਹਾਂ ਦੇ ਵਕੀਲਾਂ ਦੀ ਮੌਜੂਦਗੀ ਵਿੱਚ ਕੀਤੀ ਗਈ ਅਤੇ ਪੂਰੀ ਕਾਰਵਾਈ ਦੀ ਵੀਡੀਓਗ੍ਰਾਫੀ ਕੀਤੀ ਗਈ। ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਆਪਣੇ 11 ਅਗਸਤ ਦੇ ਹੁਕਮ ਵਿੱਚ ਕਿਹਾ,“ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਪਾਣੀਪਤ ਨੂੰ ਇਸ ਸਬੰਧ ਵਿੱਚ ਦੋ ਦਿਨਾਂ ਦੇ ਅੰਦਰ ਇੱਕ ਨੋਟੀਫਿਕੇਸ਼ਨ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਸ ਵਿੱਚ ਅਪੀਲਕਰਤਾ (ਮੋਹਿਤ ਕੁਮਾਰ) ਨੂੰ ਉਪਰੋਕਤ ਗ੍ਰਾਮ ਪੰਚਾਇਤ ਦਾ ਚੁਣਿਆ ਹੋਇਆ ਸਰਪੰਚ ਘੋਸ਼ਿਤ ਕੀਤਾ ਜਾਵੇ।” ਬੈਂਚ, ਜਿਸ ਵਿੱਚ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਐਨ. ਕੋਟਿਸ਼ਵਰ ਸਿੰਘ ਵੀ ਸ਼ਾਮਲ ਸਨ, ਨੇ ਹੁਕਮ ਦਿੱਤਾ ਕਿ, “ਅਪੀਲਕਰਤਾ (ਮੋਹਿਤ ਕੁਮਾਰ) ਇਸ ਦਫ਼ਤਰ (ਸਰਪੰਚ ਦੇ) ਦਾ ਅਹੁਦਾ ਤੁਰੰਤ ਸੰਭਾਲਣ ਅਤੇ ਆਪਣੇ ਫਰਜ਼ਾਂ ਦਾ ਪਾਲਣ ਕਰਨ ਦਾ ਹੱਕਦਾਰ ਹੋਵੇਗਾ।”

ਇੱਥੇ ਦੱਸਣਾ ਬਣਦਾ ਹੈ ਕਿ ਇਹ ਵਿਵਾਦ 2 ਨਵੰਬਰ, 2022 ਨੂੰ ਹੋਈ ਸਰਪੰਚ ਦੀ ਚੋਣ ਨਾਲ ਸਬੰਧਤ ਹੈ, ਜਿਸ ਵਿੱਚ ਕੁਲਦੀਪ ਸਿੰਘ ਨੂੰ ਵਿਰੋਧੀ ਮੋਹਿਤ ਕੁਮਾਰ ਦੇ ਮੁਕਾਬਲੇ ਜੇਤੂ ਘੋਸ਼ਿਤ ਕੀਤਾ ਗਿਆ ਸੀ। ਅਪੀਲਕਰਤਾ ਕੁਮਾਰ ਨੇ ਪਾਣੀਪਤ ਦੇ ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ)-ਕਮ-ਚੋਣ ਟ੍ਰਿਬਿਊਨਲ ਅੱਗੇ ਨਤੀਜੇ ਨੂੰ ਚੁਣੌਤੀ ਦਿੰਦੇ ਹੋਏ ਇੱਕ ਚੋਣ ਪਟੀਸ਼ਨ ਦਾਇਰ ਕੀਤੀ, ਜਿਸ ਨੇ 22 ਅਪ੍ਰੈਲ 2025 ਨੂੰ ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਨੂੰ 7 ਮਈ, 2025 ਨੂੰ ਬੂਥ ਨੰਬਰ 69 ਦੀਆਂ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ।

ਹਾਲਾਂਕਿ, ਚੋਣ ਟ੍ਰਿਬਿਊਨਲ ਦੇ ਇਸ ਹੁਕਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 1 ਜੁਲਾਈ 2025 ਨੂੰ ਰੱਦ ਕਰ ਦਿੱਤਾ ਸੀ। ਹਾਈ ਕੋਰਟ ਦੇ ਹੁਕਮ ਤੋਂ ਨਿਰਾਸ਼ ਹੋ ਕੇ ਕੁਮਾਰ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ।

ਜਿਸ ਤੋਂ ਬਾਅਦ 31 ਜੁਲਾਈ ਨੂੰ ਸੁਪਰੀਮ ਕੋਰਟ ਨੇ EVMs ਅਤੇ ਹੋਰ ਰਿਕਾਰਡ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਅਤੇ ਸੁਪਰੀਮ ਕੋਰਟ ਦੇ ਇੱਕ ਰਜਿਸਟਰਾਰ ਵੱਲੋਂ ਸਿਰਫ ਇੱਕ ਬੂਥ ਦੀ ਬਜਾਏ ਸਾਰੇ ਬੂਥਾਂ ਦੀਆਂ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ ਗਿਆ।

6 ਅਗਸਤ 2025 ਨੂੰ ਓਐੱਸਡੀ (ਰਜਿਸਟਰਾਰ) ਕਾਵੇਰੀ ਨੇ ਸਾਰੇ ਬੂਥਾਂ (65 ਤੋਂ 70) ਦੀਆਂ ਵੋਟਾਂ ਦੀ ਮੁੜ ਗਿਣਤੀ ਕੀਤੀ ਅਤੇ ਇੱਕ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਕੁੱਲ 3,767 ਵੋਟਾਂ ਵਿੱਚੋਂ ਪਟੀਸ਼ਨਰ ਮੋਹਿਤ ਕੁਮਾਰ ਨੂੰ 1,051 ਵੋਟਾਂ ਮਿਲੀਆਂ, ਜਦੋਂ ਕਿ ਉਸਦੇ ਨਜ਼ਦੀਕੀ ਵਿਰੋਧੀ ਰਿਸਪੌਂਡੈਂਟ ਕੁਲਦੀਪ ਸਿੰਘ ਨੂੰ 1,000 ਵੋਟਾਂ ਮਿਲੀਆਂ।

# ਪੁਰੀ ਵਿੱਚ ਜਗਨਨਾਥ ਮੰਦਰ ਨੂੰ ਢਾਹੁਣ ਦੀ ਧਮਕੀ ਭਰੇ ਸੰਦੇਸ਼ ਮਿਲੇ

**ਪੁਰੀ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਉੜੀਸਾ ਦੇ ਪੁਰੀ ਵਿੱਚ 12ਵੀਂ ਸਦੀ ਦੇ ਜਗਨਨਾਥ ਮੰਦਰ ਦੇ ਨੇੜੇ ਇੱਕ ਛੋਟੇ ਮੰਦਰ ਦੀ ਕੰਧ ’ਤੇ ਦੋ ਧਮਕੀ ਭਰੇ ਸੰਦੇਸ਼ ਲਿਖੇ ਮਿਲੇ ਹਨ। ਇਨ੍ਹਾਂ ਵਿੱਚ “ਅਤਿਵਾਦੀ ਜਗਨਨਾਥ ਮੰਦਰ ਨੂੰ ਢਾਹ ਦੇਣਗੇ” ਦੀ ਧਮਕੀ ਦਿੱਤੀ ਗਈ ਹੈ, ਜਿਸ ਨਾਲ ਸ਼ਰਧਾਲੂਆਂ ਵਿੱਚ ਰੋਸ ਪੈਦਾ ਹੋ ਗਿਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉੜੀਆ ਭਾਸ਼ਾ ਵਿੱਚ ਲਿਖੀ ਧਮਕੀ ਬਾਲੀ ਸਾਹੀ ਸਥਿਤ ਮਾਂ ਬੁਧੀ ਠਾਕੁਰਾਨੀ ਦੇ ਮੰਦਰ ਦੀ ਕੰਧ ’ਤੇ ਮਿਲੀ ਹੈ।

ਇੱਕ ਗ੍ਰੈਫਿਟੀ ਵਿੱਚ ਲਿਖਿਆ ਸੀ, “ਅਤਿਵਾਦੀ ਸ੍ਰੀਮੰਦਰ ਨੂੰ ਢਾਹ ਦੇਣਗੇ। ਮੈਨੂੰ ਕਾਲ ਕਰੋ, ਨਹੀਂ ਤਾਂ ਤਬਾਹੀ ਹੋਵੇਗੀ। ਪੁਰੀ ਦੇ ਇੱਕ ਵਸਨੀਕ ਨੇ ਦੱਸਿਆ, ਮੰਦਰ ਦੀ ਕੰਧ @ਤੇ ਕਈ ਫ਼ੋਨ ਨੰਬਰ ਲਿਖੇ ਹੋਏ ਹਨ। ਪੀ.ਐਮ. ਮੋਦੀ@, @ਦਿੱਲੀ@ ਵਰਗੇ ਸ਼ਬਦ ਵੀ ਲਿਖੇ ਗਏ ਸਨ।

ਪੁਰੀ ਦੇ ਐੱਸਪੀ ਪਿਨਾਕ ਮਿਸ਼ਰ ਨੇ ਮੌਕੇ ਦਾ ਦੌਰਾ ਕਰਦਿਆਂ ਕਿਹਾ, “ਅਸੀਂ ਇਸ ਮਾਮਲੇ ਦਾ ਨੋਟਿਸ ਲਿਆ ਹੈ ਅਤੇ ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਸਾਨੂੰ ਕੁਝ ਜਾਣਕਾਰੀ ਮਿਲੀ ਹੈ ਅਤੇ ਅਜਿਹੀ ਧਮਕੀ ਦੇਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਟੀਮਾਂ ਦਾ ਗਠਨ ਕੀਤਾ ਜਾ ਰਿਹਾ ਹੈ।

ਐੱਸਪੀ ਨੇ ਕਿਹਾ ਕਿ ਪੁਲੀਸ ਇਲਾਕੇ ਵਿੱਚ ਲੱਗੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ ਅਤੇ ਅਜਿਹਾ ਲੱਗਦਾ ਹੈ



ਕਿ ਧਮਕੀਆਂ ਮੰਗਲਵਾਰ ਰਾਤ ਨੂੰ ਲਿਖੀਆਂ ਗਈਆਂ ਸਨ।

ਉਨ੍ਹਾਂ ਕਿਹਾ ਕਿ ਪੁਲੀਸ ਇਸ ਸ਼ਰਾਰਤ ਪਿੱਛੇ ਦੇ ਇਰਾਦੇ ਦਾ ਪਤਾ ਲਗਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

# ਪਤਨੀ ਨਾਲ ਠੁਮਕੇ ਲਾਉਣ ਵਾਲਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮੁਅੱਤਲ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓ ਤੋਂ ਬਾਅਦ ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਬੀਪੀਈਓ) ਦੇਵੀ ਪ੍ਰਸਾਦ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਸਿੱਖਿਆ ਅਧਿਕਾਰੀ ਦੀ ਦਫਤਰ ਵਿਚ ਆਪਣੀ ਧਰਮਪਤਨੀ ਨਾਲ ਨੱਚਣ ਦੀ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਸੀ।

ਇਸ ਸਬੰਧੀ ਮੁਅੱਤਲ ਸਿੱਖਿਆ ਅਧਿਕਾਰੀ ਦੇਵੀ ਪ੍ਰਸਾਦ ਨੇ ਸੰਪਰਕ ਕਰਨ ਤੇ ਕਿਹਾ ਕਿ ਇਹ ਵੀਡੀਓ ਦਫ਼ਤਰੀ ਸਮੇਂ ਤੋਂ ਬਾਅਦ ਦੀ ਹੈ ਅਤੇ ਉਸ ਦੀ ਧਰਮਪਤਨੀ ਮੰਜ਼ਿਲਾ ਨਾਲ ਹੈ। ਉਨ੍ਹਾਂ ਕਿਹਾ ਕਿ ਮਹੀਨੇ ਦੀ 25 ਜੁਲਾਈ ਨੂੰ ਪੰਚਾਇਤ ਚੋਣ ਡਿਊਟੀ ਪ੍ਰਬੰਧਾਂ ਕਾਰਨ ‘ਵਿਆਹ ਵਰੇਗੰਢ’ ਲਈ ਘਰ ਨਹੀਂ ਜਾ ਸਕਿਆ ਸੀ। ਉਸ ਨੇ ਆਪਣੇ ਪੁੱਤ ਨੂੰ ਇਹ ਵੀਡੀਓ ਭੇਜੀ ਸੀ ਅਤੇ ਕਿਸੇ ਨੇ ਵਾਇਰਲ ਕੀਤੀ ਹੈ। ਹੁਣ ਉਨ੍ਹਾਂ ਇਹ ਵੀਡੀਓ ਡਿਲੀਟ ਕਰ ਦਿੱਤੀ ਹੈ। ਪਰ ਇਸ ਘਟਨਾ ਤੋਂ ਬਾਅਦ ਬਾਘਾਪੁਰਾਣਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਬੀਪੀਈਓ) ਦੇਵੀ ਪ੍ਰਸਾਦ ਨੂੰ ਪੰਜਾਬ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇੱਕ ਵੀਡੀਓ ਤੇਜੀ ਨਾਲ ਵਾਈਰਲ ਹੋਣ ਤੋਂ ਬਾਅਦ ਪੰਜਾਬ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਿਰਦੇਸਾਂ ’ਤੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਸ੍ਰੀਮਤੀ ਅਨਿੰਦਿਤਾ ਮਿਤਰਾ ਵੱਲੋਂ ਅਧਿਕਾਰੀ ਵਿਰੁੱਧ ਇਹ ਕਾਰਵਾਈ ਕੀਤੀ ਗਈ ਹੈ।

# ਹਰਜੋਤ ਬੈਂਸ ਨੇ ਅਕਾਲ ਤਖ਼ਤ ਵੱਲੋਂ ਲਾਈ ਤਨਖ਼ਾਹ ਪੂਰੀ ਕਰਨ ਉਪਰੰਤ ਖਿਮਾ ਯਾਚਨਾ ਕੀਤੀ

**ਅੰਮ੍ਰਿਤਸਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇੱਥੇ ਸ੍ਰੀ ਅਕਾਲ ਤਖ਼ਤ ਵੱਲੋ ਲੱਗੀ ਹੋਈ ਤਨਖਾਹ ਪੂਰੀ ਕਰਨ ਤੋਂ ਬਾਅਦ ਇੱਥੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ ਹੈ ਅਤੇ ਇੱਕ ਵਾਰ ਮੁੜ ਖਾਲਸਾ ਪੰਥ ਤੋਂ ਹੋਈ ਭੁੱਲ ਚੁੱਕ ਦੀ ਖਿਮਾ ਮੰਗੀ ਹੈ। ਸਰਕਾਰ ਵੱਲੋਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਗੀਤ ਗਾਉਣ ਤੇ ਨੱਚਣ ਟੱਪਣ ਨਾਲ ਹੋਈ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਵਿੱਚ ਕੈਬਨਿਟ ਮੰਤਰੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹ ਲਾਈ ਗਈ ਸੀ। ਉਨ੍ਹਾਂ ਇੱਥੇ ਸਿੱਖ ਸੰਗਤ ਦੇ ਸਾਹਮਣੇ ਹੋਈ ਗਲਤੀ ਨੂੰ ਕਬੂਲ ਕੀਤਾ ਸੀ।

ਹਰਜੋਤ ਬੈਂਸ ਅੱਜ ਤਨਖਾਹ ਪੂਰੀ ਕਰਨ ਮਗਰੋਂ ਸ੍ਰੀ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਵਾਸਤੇ ਪੁੱਜੇ ਸਨ। ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਣ ਤੋਂ ਬਾਅਦ ਉਨ੍ਹਾਂ



ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਅਤੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਬੈਂਸ ਨੇ ਰਾਜਨੀਤੀ ਬਾਰੇ ਕੁਝ ਵੀ ਕਹਿਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਅੱਜ ਉਹ ਇਸ ਸਬੰਧ ਵਿੱਚ ਕੋਈ ਗੱਲ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਤਖ਼ਤ ਵੱਲੋਂ ਲਾਈ ਗਈ ਤਨਖਾਹ ਸਿਰ ਮੱਥੇ ਪ੍ਰਵਾਨ ਹੈ।

ਦੱਸਣ ਯੋਗ ਹੈ ਕਿ ਇਸ ਭੁੱਲ ਦੀ ਤਨਖਾਹ ਵਜੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜਨਮ ਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਕੋਠਾ ਸਾਹਿਬ ਵੱਲਾ, ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਪੈਦਲ ਜਾਣ ਅਤੇ ਰਸਤਿਆਂ ਦੀ ਸਫਾਈ ਤੇ ਹੋਰ ਪ੍ਰਬੰਧ ਯਕੀਨੀ ਬਣਾਉਣ ਵਾਸਤੇ ਕਿਹਾ ਗਿਆ ਸੀ। ਇਸ ਤੋਂ ਇਲਾਵਾ ਦਿੱਲੀ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਮਗਰੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੋ ਦਿਨ ਸੰਗਤ ਦੇ ਜੋੜੇ ਝਾੜਨ ਦੀ ਸੇਵਾ ਕਰਨ ਵਾਸਤੇ ਆਦੇਸ਼ ਦਿੱਤਾ ਗਿਆ ਸੀ।

# PGI ਤੋਂ ਲੱਖਾਂ ਦੇ ਇੰਜੈਕਸ਼ਨ ਚੋਰੀ ਕਰਨ ਦੇ ਦੋਸ਼ ਵਿੱਚ ਪੰਜ ਗ੍ਰਿਫ਼ਤਾਰ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪੁਲੀਸ ਨੇ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ




ਐਜੂਕੇਸ਼ਨ ਐਂਡ ਰਿਸਰਚ (PGIMER) ਤੋਂ ਲਗਭਗ 90 ਲੱਖ ਰੁਪਏ ਦੀਆਂ ਮਹਿੰਗੇ ਇੰਜੈਕਸ਼ਨ ਚੋਰੀ ਕਰਨ ਦੇ ਮਾਮਲੇ ਵਿੱਚ ਪੰਜ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਖਾਸ ਗੱਲ ਇਹ ਹੈ ਕਿ ਗ੍ਰਿਫ਼ਤਾਰੀਆਂ PGI ਵਿੱਚੋਂ ਵਿੱਚੋਂ ਹੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਪਛਾਣ ਪਹਿਲਾਂ PGI ਦੇ ਸੁਰੱਖਿਆ ਕਰਮਚਾਰੀਆਂ ਵੱਲੋਂ ਕੀਤੀ ਗਈ ਸੀ।

ਪੁਲਿਸ ਸੂਤਰਾਂ ਅਨੁਸਾਰ ਮੁਲਜ਼ਮਾਂ ਨੇ ਇੱਕ ਖਾਸ ਇੰਜੈਕਸ਼ਨ ਚੋਰੀ ਕੀਤਾ ਸੀ, ਜਿਸ ਦੀ ਕੀਮਤ ਕਈ ਲੱਖ ਰੁਪਏ ਹੈ ਅਤੇ ਜੋ ਉਨ੍ਹਾਂ ਕੋਲੋਂ ਬਰਾਮਦ ਕਰ ਲਿਆ ਗਿਆ ਹੈ। ਮੁੱਢਲੀ ਪੁੱਛਗਿੱਛ ਦੌਰਾਨ ਜਾਂਚਕਰਤਾਵਾਂ ਨੇ ਹੈਰਾਨੀਜਨਕ ਖੁਲਾਸੇ ਕੀਤੇ ਹਨ ਅਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਇਸ ਕੀਮਤੀ ਚੋਰੀ ਵਿੱਚ ਹੋਰ ਲੋਕ ਵੀ ਸ਼ਾਮਲ ਹੋ ਸਕਦੇ ਹਨ।

ਪੁਲੀਸ ਨੇ ਜੁਰਮ ਵਿੱਚ ਵਰਤੀ ਗਈ ਇੱਕ ਗੱਡੀ ਵੀ ਜ਼ਬਤ ਕੀਤੀ ਹੈ, ਜੋ ਪੰਜਾਬ ਵਿੱਚ ਰਜਿਸਟਰਡ ਹੈ ਅਤੇ ਇਸਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਨੇ ਹਸਪਤਾਲ ਦੇ ਸੁਰੱਖਿਆ ਪ੍ਰਬੰਧਾਂ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। PGIMER ਦੇ ਅਧਿਕਾਰੀਆਂ ਵੱਲੋਂ ਜਲਦੀ ਹੀ ਇਸ ਕੇਸ ਦਾ ਅਧਿਕਾਰਤ ਤੌਰ ’ਤੇ ਖੁਲਾਸਾ ਕੀਤੇ ਜਾਣ ਦੀ ਉਮੀਦ ਹੈ।

# ਪੱਲੇਦਾਰ ਯੂਨੀਅਨਾਂ ਦੀ ਮੀਟਿੰਗ ਪੰਜਾਬ ਸਰਕਾਰ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਸਮੂੰਹ ਪੱਲੇਦਾਰ ਮਜਦੂਰ ਯੂਨੀਅਨਾਂ ਦੀ ਸਾਂਝੀ ਕਮੇਟੀ ਦੀ ਮੀਟਿੰਗ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ। ਜਿਸ ਵਿੱਚ 2025—26 ਅਤੇ 2027 ਤੱਕ ਦੀ ਟੈਂਡਰ ਪਾਲਸੀ ਦੇ ਵਿਰੋਧ ਵਿੱਚ ਪੱਲੇਦਾਰ ਮਜਦੂਰ ਯੂਨੀਅਨਾਂ ਵੱਲੋਂ ਹੜਤਾਲ ਕੀਤੀ ਗਈ ਸੀ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਬਣਾਈ ਸਬ ਕਮੇਟੀ ਦੇ ਚੇਅਰਮੈਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆ ਅਤੇ ਕੈਬਨਿਟ ਮੰਤਰੀ ਫੂਡ ਸਪਲਾਈ ਵਿਭਾਗ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਵਰਿੰਦਰ ਗੋਇਲ ਅਤੇ ਕੈਬਨਿਟ ਮੰਤਰੀ ਲਾਲ ਜੀਤ ਭੁੱਲਰ ਵੀ ਹਾਜਰ ਸਨ। ਮੀਟਿੰਗ ਵਿੱਚ ਲੇਬਰ ਸੈਲ ਦੇ ਚੇਅਰਮੈਨ ਮੋਹਨ ਸਿੰਘ ਮੰਜੋਲੀ ਨੇ ਦੱਸਿਆ ਕਿ ਸਬ ਕਮੇਟੀ ਨੇ ਵਿਸ਼ਵਾਸ਼ ਦਿਵਾਇਆ ਕਿ 2026 ਵਿੱਚ ਬੇਸਿਕ ਰੇਟਾਂ ਦੇ ਵਿੱਚ ਵਾਧਾ ਕਰ ਦਿੱਤਾ ਜਾਵੇਗਾ। ਜਿਸ ਦਾ ਪੂਰਾ ਲਾਭ ਲੇਬਰ ਯੂਨੀਅਨਾਂ ਨੂੰ



ਮਿਲੇਗਾ। ਕਿਉਂਕਿ ਇਹ ਜ਼ੋ ਵਾਧਾ ਪੰਜਾਬ ਸਰਕਾਰ ਵੱਲੋਂ ਬੇਸਿਕ ਰੇਟਾਂ ਤੇ ਕੀਤਾ ਜਾਣਾ ਹੈ ਉਹ ਇਸ ਪਾਲਸੀ ਦੇ ਵਿੱਚ ਪਹਿਲਾਂ ਹੀ ਲਾਇਨ ਪਾ ਦਿੱਤੀ ਜਾਣੀ ਹੈ ਕਿ ਮਿਤੀ 01—04—2026 ਤੋਂ ਵਧੇ ਹੋਏ ਰੇਟ ਲਾਗੂ ਕਰ ਦਿੱਤੇ ਜਾਣਗੇ। ਨਾਲ ਹੀ ਸਬ ਕਮੇਟੀ ਦੇ ਚੇਅਰਮੈਨ ਗੁਰਮੀਤ ਸਿੰਘ ਖੁੱਡੀਆਂ ਅਤੇ ਫੂਡ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਵੱਲੋਂ ਕਿਹਾ ਗਿਆ ਕਿ ਜਿੱਥੇ ਜਿੱਥੇ ਲੇਬਰਾਂ ਕੰਮ ਕਰਨਾਂ ਚਾਹੁੰਦੀਆਂ ਹਨ ਉੱਥੇ ਉੱਥੇ ਲੇਬਰਾਂ ਨੂੰ ਕੰਮ ਦੇ ਦਿੱਤਾ ਜਾਵੇਗਾ। ਇਸ ਲਈ ਹੜਤਾਲ ਵਾਪਸ ਲੈ ਲਿੱਤੀ ਜਾਵੇ, ਤਾਂ ਕਿ ਅਸੀਂ ਮਾਨਯੋਗ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆ ਕੇ ਆ ਰਹੀਆਂ ਪੱਲੇਦਾਰ ਮਜਦੂਰ ਯੂਨੀਅਨਾਂ ਦੀਆਂ ਸਮੱਸਿਆਵਾ ਦਾ ਹੱਲ ਕਰਵਾਇਆ ਜਾ ਸਕੇ। ਇਸ ਮੌਕੇ ਬਲਦੇਵ ਸਿੰਘ ਦੇਵੀਗੜ੍ਹ, ਬਾਬੂ ਲਾਲ ਪਟਿਆਲਾ, ਅਮਰੀਕ ਸਿੰਘ ਘਨੌਰ, ਬਹਾਦਰ ਸਿੰਘ ਰਾਜਪੁਰਾ, ਗੁਰਧਿਆਨ ਸਿੰਘ ਪਾਤੜਾਂ, ਸੰਦੀਪ ਸਿੰਘ ਸਮਾਣਾ ਆਦਿ ਹਾਜਰ ਸਨ।

# 20,000 ਰੁਪਏ ਰਿਸ਼ਵਤ ਲੈਂਦਾ ਅਫਸਰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਅੱਜ ਅਬੋਹਰ ਵਿਖੇ ਤਾਇਨਾਤ ਫਾਇਰ ਅਫਸਰ ਵਰਿੰਦਰ ਕਥੂਰੀਆ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਨੇ ਸ਼ਿਕਾਇਤਕਰਤਾ ਰਿਸ਼ਵ ਕਾਲੀਆ ਵਾਸੀ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਤੋਂ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਰਿਸ਼ਵ ਕਾਲੀਆ ਨਵੇਂ ਅੱਗ ਬੁਝਾਊ ਯੰਤਰ ਵੇਚਣ ਅਤੇ ਪੁਰਾਣੇ ਅੱਗ ਬੁਝਾਊ ਯੰਤਰਾਂ ਨੂੰ ਰਿਫਿਲ ਕਰਨ ਦਾ ਕੰਮ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਫਾਇਰ



ਅਫ਼ਸਰ ਵਰਿੰਦਰ ਕਥੂਰੀਆ ਨੇ ਉਸ ਕੋਲੋਂ ਬਿੱਲਾਂ ਦੇ ਨਿਪਟਾਰੇ ਲਈ ਕਮਿਸ਼ਨ ਦੇ ਰੂਪ ਵਿੱਚ 25,000 ਰੁਪਏ ਤੋਂ 30,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਇਸ ਤੋਂ ਇਲਾਵਾ, ਸ਼ਿਕਾਇਤਕਰਤਾ ਆਪਣੇ ਹੋਰ ਬਿੱਲਾਂ ਦੇ ਨਿਪਟਾਰੇ ਲਈ ਵੀ ਮੁਲਜ਼ਮ ਨੂੰ ਉਸਦੇ ਘਰ ਜਾ ਕੇ ਮਿਲਿਆ ਸੀ।

ਸ਼ਿਕਾਇਤਕਰਤਾ ਆਪਣੇ ਜਾਇਜ਼ ਕੰਮ ਲਈ ਉਸ ਨੂੰ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ। ਇਸ ਲਈ, ਵਿਜੀਲੈਂਸ ਬਿਊਰੋ ਵੱਲੋਂ ਅਜਿਹੇ ਭ੍ਰਿਸ਼ਟ ਅਧਿਕਾਰੀ ਨੂੰ ਗ੍ਰਿਫ਼ਤਾਰ ਕਰਵਾਉਣ ਲਈ, ਸ਼ਿਕਾਇਤਕਰਤਾ ਨੇ ਮਲਜ਼ਮ ਨਾਲ ਕੀਤੀ ਆਪਣੀ ਗੱਲਬਾਤ ਰਿਕਾਰਡ ਕਰ ਲਈ ਅਤੇ ਇਸ ਮਾਮਲੇ ਦੀ ਰਿਪੋਰਟ ਵਿਜੀਲੈਂਸ ਬਿਊਰੋ ਦੀ ਫਾਜ਼ਿਲਕਾ ਯੂਨਿਟ ਕੋਲ ਕੀਤੀ।

ਵਿਜੀਲੈਂਸ ਬਿਊਰੋ ਦੀ ਫਾਜ਼ਿਲਕਾ ਯੂਨਿਟ ਵਿਖੇ ਸ਼ਿਕਾਇਤਕਰਤਾ ਦਾ ਬਿਆਨ ਦਰਜ ਕੀਤਾ ਗਿਆ। ਇਸ ਉਪਰੰਤ ਮੁਲਜ਼ਮ ਨੂੰ ਸਰਕਾਰੀ ਗਵਾਹ ਦੀ ਹਾਜ਼ਰੀ ਵਿੱਚ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਉਕਤ ਮੁਲਜ਼ਮ ਵਿਰੁੱਧ ਪੀ.ਸੀ. (ਸੋਧ) ਐਕਟ, 2018 ਰਾਹੀਂ ਸੋਧ ਕੀਤੀ ਧਾਰਾ 7 ਪੀ.ਸੀ. ਐਕਟ 1988 ਤਹਿਤ ਥਾਣਾ ਵਿਜੀਲੈਂਸ ਬਿਊਰੋ, ਰੇਂਜ ਫਿਰੋਜ਼ਪੁਰ ਵਿਖੇ ਕੇਸ ਦਰਜ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਜਾਰੀ ਹੈ।

# ਮਾਲੇਰਕੋਟਲਾ ਪੁਲਿਸ ਵੱਲੋਂ ਮੰਦਰ ਵਿੱਚ ਚੋਰੀ ਅਤੇ ਬੇਅਦਬੀ ਕਰਨ ਵਾਲੇ ਦੋ ਦੋਸ਼ੀ ਗ੍ਰਿਫਤਾਰ : ਐਸ.ਐਸ.ਪੀ

## ਮੰਦਰ ਤੋਂ ਚੋਰੀ ਕੀਤਾ ਸਮਾਨ, ਨਗਦੀ ਅਤੇ ਚਾਂਦੀ ਦੇ ਗਹਿਣੇ ਬ੍ਰਾਮਦ

**ਮਾਲੇਰਕੋਟਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਗਗਨ ਅਜੀਤ ਸਿੰਘ, ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾੜੇ ਅਨਸਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਪੁਲਿਸ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ।

ਉਨ੍ਹਾਂ ਦੱਸਿਆ ਕਿ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੱਤਪਾਲ ਸ਼ਰਮਾ ਅਤੇ, ਉਪ-ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸ਼ਤੀਸ ਕੁਮਾਰ ਦੀ ਨਿਗਰਾਨੀ ਹੇਠ, ਇੰਸਪੈਕਟਰ ਗੁਰਪ੍ਰੀਤ ਕੌਰ, ਮੁੱਖ ਅਧਿਕਾਰੀ ਥਾਣਾ ਸਿਟੀ-2 ਮਾਲੇਰਕੋਟਲਾ ਅਤੇ ਓਹਨਾਂ ਦੀ ਟੀਮ ਨੇ ਮੁਕੱਦਮਾ ਨੰਬਰ 200 ਮਿਤੀ 05.08.2025 ਅਧੀਨ ਬੀ.ਐਨ.ਐਸ. ਦੀਆਂ ਧਾਰਾਵਾਂ 298, 305,



331(4), 317(2) ਵਿੱਚ ਦਰਜ ਦੋ ਨਾਮਲੂਮ ਦੋਸ਼ੀਆਂ ਨੂੰ ਟਰੇਸ ਕਰਕੇ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੀ ਪਹਿਚਾਣ ਮੁਹੰਮਦ ਅਜਹਰ ਉਰਫ਼ ਚਿੱਟਾ ਪੁੱਤਰ ਮੁਹੰਮਦ ਅਸਰਫ਼ ਉਰਫ਼ ਭੋਲਾ ਵਾਸੀ ਛੋਟਾ ਚੌਂਕ, ਮਹੱਲਾ ਧੋਬੀਆਂ ਵਾਲਾ, ਮਾਲੇਰਕੋਟਲਾ ਅਤੇ ਮੁਹੰਮਦ ਸੁਹੇਲ ਉਰਫ਼ ਨੱਟੂ ਪੁੱਤਰ ਮੁਹੰਮਦ ਨਾਸਰ ਵਾਸੀ ਤੇਲੀਆ ਬਜ਼ਾਰ, ਜੱਟਪੁਰਾ ਮਹੱਲਾ, ਮਾਲੇਰਕੋਟਲਾ ਵਜੋਂ ਹੋਈ ਹੈ।

ਵਧੇਰੇ ਜਾਣਕਾਰੀ ਸਾਂਝੀ ਕਰਦਿਆ ਐਸ.ਐਸ.ਪੀ ਨੇ ਦੱਸਿਆ ਕਿ ਇਨ੍ਹਾਂ ਦੋਸੀਆਨ ਵੱਲੋਂ ਮਿਤੀ 04/05.08.2025 ਦੀ ਦਰਮਿਆਨੀ ਰਾਤ ਨੂੰ ਸ੍ਰੀ ਪਾਰਸ ਇਥ ਜੈਨ ਸੇਤਾਂਵਰ ਮੰਦਿਰ ਪੁਰਾਣਾ ਚਮੜਾ ਬਜਾਰ (ਸਦਰ ਬਜਾਰ) ਮਲੇਰਕੋਟਲਾ ਵਿਖੇ ਦਾਨ ਪੇਟੀ ਤੋੜ ਕੇ ਉਸ ਵਿੱਚੋਂ ਨਗਦੀ, ਪੰਜ ਛੋਟੇ ਗੱਲੇ ਸਮੇਤ ਨਗਦੀ, ਅਲਮਾਰੀ ਤੋੜ ਕੇ ਚਾਂਦੀ ਦੇ ਗਹਿਣੇ ਅਤੇ ਅਲਮਾਰੀ ਵਿੱਚ ਰੱਖੇ 03 ਧਾਰਮਿਕ ਗ੍ਰੰਥ ਚੋਰੀ ਕਰ ਲਏ ਸਨ, ਇਸ ਤੋਂ ਇਲਾਵਾ ਮੂਰਤੀਆਂ ਦੀ ਬੇਅਦਬੀ ਕੀਤੀ ਗਈ ਅਤੇ ਮੰਦਰ ਦੇ ਸਮਾਨ ਦੀ ਭੰਨ ਤੋੜ ਕੀਤੀ ਗਈ ਸੀ। ਤਫਤੀਸ ਦੌਰਾਨ ਮੁੱਖ ਅਫਸਰ ਥਾਣਾ ਸਿਟੀ-2 ਮਾਲੇਰਕੋਟਲਾ ਵੱਲੋਂ ਵੱਖ-ਵੱਖ ਟੀਮਾਂ ਗਠਿਤ ਕਰਕੇ ਸੀ.ਸੀ.ਟੀ.ਵੀ ਕੈਮਰਿਆ ਨੂੰ ਚੈੱਕ ਕੀਤਾ ਗਿਆ ਅਤੇ ਟੈਕਨੀਕਲ ਤੌਰ ਪਰ ਤਫਤੀਸ ਅਮਲ ਵਿੱਚ ਲਿਆਉਂਦੇ ਹੋਏ ਦੋਸੀਆਨ ਨੂੰ ਉਕਤਾਨ ਨੂੰ ਟਰੇਸ ਕਰਕੇ ਮੁਕੱਦਮਾ ਹਜਾ ਵਿੱਚ ਹਸਬ ਜਾਬਤਾ ਗ੍ਰਿਫਤਾਰ ਕਰਕੇ ਦੋਸੀਆਨ ਵੱਲੋਂ ਮੰਦਰ ਵਿੱਚੋਂ ਚੋਰੀ ਕੀਤੇ 05 ਸਟੀਲ ਗੱਲੇ ਸਮੇਤ ਜਿੰਦਰੇ, 12000/- ਰੁਪੈ, 20 ਚਾਂਦੀ ਦੇ ਛੋਟੇ ਸਿੱਕੇ, 01 ਚਾਂਦੀ ਦਾ ਵੱਡਾ ਸਿੱਕਾ, 08 ਚਾਂਦੀ ਦੇ ਛੋਟੇ ਗਲਾਸ, ਗੱਲਾ ਤੋੜਨ ਲਈ ਵਰਤੀਆਂ 03 ਸੈਣੀਆ, ਇੱਕ ਰੈਂਚ ਲੋਹਾ, ਇੱਕ ਪੇਚਕਸ, ਬ੍ਰਾਮਦ ਕਰਵਾਏ ਗਏ ਅਤੇ ਮੁਕੱਦਮਾ ਵਿੱਚ ਜੁਰਮ 317(2) BNS ਦਾ ਵਾਧਾ ਕੀਤਾ ਗਿਆ। ਦੋਸੀਆਨ ਨੂੰ ਅੱਜ ਪੇਸ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿੰਨਾਂ ਦੀ ਪੁੱਛਗਿੱਛ ਤੋਂ ਚੋਰੀ ਦੀ ਹੋਰ ਵਾਰਦਾਤਾਂ ਸਬੰਧੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਜਿਕਰਯੋਗ ਹੈ ਕਿ ਦੋਸੀਆਨ ਉਕਤਾਨ ਪਹਿਲਾਂ ਵੀ ਚੋਰੀ ਕਰਨ ਦੇ ਆਦੀ ਵਿਅਕਤੀ ਹਨ, ਜਿੰਨਾਂ ਖਿਲਾਫ ਨਿਮਨਲਿਖਤ ਅਨੁਸਾਰ ਮੁਕੱਦਮੇ ਦਰਜ ਹੋਣੇ ਪਾਏ ਗਏ ਹਨ।

# ਅਮਰੀਕਾ ਵਿੱਚ ਸਿੱਖ ਬਜ਼ੁਰਗ ’ਤੇ ਹਮਲਾ ਕਰਨ ਵਾਲਾ ਗ੍ਰਿਫ਼ਤਾਰ

**ਨਿਊਯਾਰਕ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਇੱਕ ਬਜ਼ੁਰਗ ਸਿੱਖ ਬਜ਼ੁਰਗ ’ਤੇ ਲਾਸ ਏਂਜਲਸ ਵਿੱਚ ਹਮਲਾ ਕਰਨ ਵਾਲੇ ਵਿਅਕਤੀ ਨੂੰ ਪੁਲੀਸ ਨੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। 70 ਸਾਲਾ ਹਰਪਾਲ ਸਿੰਘ ’ਤੇ 4 ਅਗਸਤ ਨੂੰ ਲਾਸ ਏਂਜਲਸ ਦੇ ਸਿੱਖ ਗੁਰਦੁਆਰਾ ਨੇੜੇ ਸਵੇਰ ਦੀ ਸੈਰ ਦੌਰਾਨ ਇੱਕ ਬੇਘਰੇ ਵਿਅਕਤੀ ਬੋ ਰਿਚਰਡ ਵਿਟਾਗਲਿਆਨੋ ਨੇ ਹਮਲਾ ਕਰ ਦਿੱਤਾ ਸੀ।

ਲਾਸ ਏਂਜਲਸ ਪੁਲੀਸ ਵਿਭਾਗ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ 44 ਸਾਲਾ ਵਿਟਾਗਲਿਆਨੋ ਨੂੰ ਸੋਮਵਾਰ ਨੂੰ ਸਿੰਘ ’ਤੇ ਬੇਰਹਿਮੀ ਨਾਲ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ। ਵਿਟਾਗਲਿਆਨੋ ’ਤੇ ਇੱਕ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ, ਅਤੇ ਉਸਦੀ ਜ਼ਮਾਨਤ 1.1 ਮਿਲੀਅਨ ਅਮਰੀਕੀ ਡਾਲਰ ਨਿਰਧਾਰਤ ਕੀਤੀ ਗਈ ਹੈ।

ਸਿੱਖ ਕੋਲੀਸ਼ਨ ਨਾਮਕ ਐਡਵੋਕੇਸੀ ਸਮੂਹ ਨੇ ਕਿਹਾ ਕਿ ਜਦੋਂ ਕਿ ਦੋਸ਼ੀ ਸਿੰਘ ’ਤੇ ਬੇਰਹਿਮੀ ਨਾਲ ਹਮਲਾ ਕਰਨ ਲਈ ਹਿਰਾਸਤ ਵਿੱਚ ਹੈ, ਪੁਲੀਸ ਇਸ ਮਾਮਲੇ ਨੂੰ ਨਫ਼ਰਤੀ ਅਪਰਾਧ ਵਜੋਂ ਨਹੀਂ ਦੇਖ ਰਹੀ। ਉਨ੍ਹਾਂ ਦੱਸਿਆ ਕਿ ਸਿੰਘ ਨੂੰ ਹਮਲੇ ਦੌਰਾਨ ਬਹੁਤ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਅਜੇ ਵੀ ਨਾਜ਼ੁਕ ਹਾਲਤ ਵਿੱਚ ਹਨ।

ਪੁਲਿਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿੰਘ ਅਤੇ ਵਿਟਾਗਲਿਆਨੋ ਵਿਚਕਾਰ ਸਰੀਰਕ ਝਗੜਾ ਹੋਇਆ ਸੀ। ਐੱਲਏਪੀਡੀ ਨੇ ਦੱਸਿਆ ਕਿ ਗਵਾਹਾਂ ਨੇ ਕਿਹਾ ਕਿ ਉਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਝਗੜਾ ਕਿਵੇਂ ਸ਼ੁਰੂ ਹੋਇਆ, ਪਰ ਉਨ੍ਹਾਂ ਨੇ ਇੱਕ ਉੱਚੀ ਆਵਾਜ਼ ਸੁਣੀ, ਫਿਰ ਦੋ ਵਿਅਕਤੀਆਂ ਨੂੰ ਇੱਕ ਦੂਜੇ ’ਤੇ ਧਾਤੂ ਦੀਆਂ ਵਸਤੂਆਂ ਨਾਲ ਹਮਲਾ ਕਰਦੇ ਦੇਖਿਆ। ਦੋਵਾਂ ਵਿਅਕਤੀਆਂ ਨੂੰ ਸੱਟ ਲੱਗੀ ਅਤੇ ਵਿਟਾਗਲਿਆਨੋ ਨੇ ਸਿੰਘ ’ਤੇ ਹੋਰ ਹਮਲਾ ਕੀਤਾ ਜਦੋਂ ਉਹ ਜ਼ਮੀਨ ’ਤੇ ਡਿੱਗ ਗਿਆ ਸੀ। ਜਦੋਂ ਗਵਾਹਾਂ ਨੇ ਵਿਟਾਗਲਿਆਨੋ ਨੂੰ ਚੀਕ ਕੇ ਰੋਕਿਆ, ਤਾਂ ਉਹ ਆਪਣੇ ਸਾਈਕਲ ’ਤੇ ਭੱਜ ਗਿਆ।

**ਹਮਲਾਵਰ ਨੂੰ ਸਖ਼ਤ ਸਜ਼ਾ ਮਿਲੇ: ਗੜਗੱਜ**

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 70 ਸਾਲਾ ਸਿੱਖ ਬਜ਼ੁਰਗ ’ਤੇ ਹੋਏ ਬੇਰਹਿਮ ਹਮਲੇ ਦੀ ਸਖ਼ਤ ਨਿੰਦਾ ਕੀਤੀ।

ਲਾਸ ਏਂਜਲਸ ਵਿੱਚ ਹੋਏ ਇਸ ਹਮਲੇ ਵਿੱਚ ਬਜ਼ੁਰਗ ਸਿੱਖ ਹਰਪਾਲ ਸਿੰਘ ਦੀ ਗੰਭੀਰ ਸੱਟਾਂ ਲੱਗੀਆਂ ਹਨ। ਸ੍ਰੀ ਗੜਗੱਜ ਮੰਗ ਕੀਤੀ ਹੈ ਕਿ ਲਾਸ ਏਂਜਲਸ ਪੁਲੀਸ ਵਿਭਾਗ (LAPD) ਅਤੇ ਅਮਰੀਕੀ ਜਾਂਚ ਏਜੰਸੀਆਂ ਇਹ ਯਕੀਨੀ ਬਣਾਉਣ ਕਿ ਦੋਸ਼ੀ ਵਿਅਕਤੀ ਨੂੰ ਸਖ਼ਤ ਸਜ਼ਾ ਮਿਲੇ।

Government of National Capital Territory of Delhi
राष्ट्रीय राजधानी क्षेत्र दिल्ली सरकार

# 79ਵੇਂ ਸੁਤੰਤਰਤਾ ਦਿਵਸ
## ਦੀਆਂ ਹਾਰਦਿਕ ਸ਼ੁੱਭਕਾਮਨਾਵਾਂ

Digital India




MAKE IN INDIA





















ਇਨੋਵੇਸ਼ਨ ਤੋਂ ਨੇਸ਼ਨ
**ਡਿਜੀਟਲ ਇੰਡੀਆ**

ਸਿਰਫ ਇੱਕ ਟੈਪ ਅਤੇ ਪੇਮੈਂਟ ਡਨ
**UPI**

ਅਸੀਂ ਭਾਰਤ ਵਿੱਚ ਬਣਾਉਂਦੇ ਹਾਂ ਭਵਿੱਖ
**ਮੇਕ ਇਨ ਇੰਡੀਆ**

ਤੇਜ ਰਫਤਾਰ, ਨਵਾਂ ਸਫਰ
**ਵੰਦੇ ਭਾਰਤ**

ਉਚਾਈ ਜਿੱਤੀ , ਦੂਰੀ ਮਿਟਾਈ
**ਚਿਨਾਬ ਬ੍ਰਿਜ**

ਚੰਦਰਮਾ ‘ਤੇ ਲਹਿਰਾਇਆ ਤਿਰੰਗਾ
**ਚੰਦਰਯਾਨ**

ਦੁਸ਼ਮਣ ਲਈ ਡਰ, ਭਾਰਤ ਲਈ ਮਾਣ
**ਬ੍ਰਹਮੋਸ**

ਜਿੱਥੇ ਜਾਣ ਤੋਂ ਪਹਿਲਾਂ ਜ਼ਿੰਮੇਵਾਰੀ
**ਆਪ੍ਰੇਸ਼ਨ ਸਿੰਦੂਰ**

ਦਿੱਲੀ-NCR ’ਚ ਸਭ ਤੋਂ ਵੱਡਾ ਮੈਟਰੋ ਨੈੱਟਵਰਕ
**395 KM**

ਭਾਰਤ ਤੈਅ ਕਰ ਰਿਹਾ ਦੁਨੀਆ ਦੀ ਦਿਸ਼ਾ
**ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੇ ਵੱਲ**

ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਮੰਦਰ
**ਨਵਾਂ ਸੰਸਦ ਭਵਨ**

ਵਿਸ਼ਵ ਲੀਡਰਸ਼ਿਪ ਦਾ ਮਾਣ
**G20 ਪ੍ਰਧਾਨਗੀ**

**ਇਹ ਸਭ ਸੰਭਵ ਹੋਇਆ ਹੈ
ਕਿਉਂਕਿ ਸਾਡਾ ਦੇਸ਼ ਅੱਜ ਆਜਾਦ ਹੈ।**



**QR ਕੋਡ ਸਕੈਨ ਕਰੋ**
ਆਜਾਦੀ ਦਾ ਜਸ਼ਨ-ਬਦਲਦੀ ਦਿੱਲੀ ਦੀ ਕਹਾਣੀ
ਦੇਖੋ ਅਤੇ ਸੁਣੋ ਮੁੱਖਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਜੀ ਦਾ
ਦਿੱਲੀ ਵਾਸੀਆਂ ਦੇ ਨਾਮ ਸੰਦੇਸ਼



DIP/Shabdarth/Display/040/25-26

## ਸੰਪਾਦਕੀ

### 15 ਅਗਸਤ ਆਜ਼ਾਦੀ ਦਿਵਸ

ਸਾਡਾ ਦੇਸ਼ ਭਾਰਤ 15 ਅਗਸਤ 1947 ਨੂੰ ਅਜਾਦ ਹੋਇਆ। ਸਾਡਾ ਦੇਸ਼ ਭਾਰਤ 15 ਅਗਸਤ 1947 ਨੂੰ ਅਜਾਦ ਹੋਇਆ। ਇਸ ਅਜ਼ਾਦੀ ਨੂੰ ਸਾਡੇ ਦੇਸ਼ ਭਗਤਾਂ, ਸੂਰਬੀਰਾਂ ਨੇ ਲਹੂ ਦੀ ਹੋਲੀ ਖੇਡ ਕੇ ਪ੍ਰਾਪਤ ਕੀਤਾ। ਇਹ ਸੋਨੇ ਦੀ ਚਿੜੀ ਅਖਵਾਉਂਦਾ ਸੀ। ਇਸ ਨੂੰ ਮੁਗ਼ਲਾਂ ਤੇ ਅੰਗਰੇਜ਼ਾਂ ਨੇ ਆਪਣੀ ਮਨ ਮਰਜ਼ੀ ਮੁਤਾਬਕ ਲੁਟਿਆ। ਪਰ ਸਮੇਂ-ਸਮੇਂ 'ਤੇ ਕੋਈ ਨਾ ਕੋਈ ਸੰਤ, ਕ੍ਰਾਂਤੀਕਾਰੀ ਅਤੇ ਦੇਸ਼ਪ੍ਰੇਮੀ ਭਾਰਤ ਚ ਆਇਆ ਤੇ ਮੁਗਲਾਂ ਵਿਰੁੱਧ ਅਵਾਜ ਉਠਾਈ ਤੇ ਇਸ ਨੂੰ ਬਚਾਇਆ। ਜਿਵੇਂ ਗੁਰੂ ਨਾਨਕ ਦੇਵ ਜੀ, ਮਹਾਰਾਜਾ ਪ੍ਰਤਾਪ ਸਿਵਾ ਜੀ, ਗੁਰ ਗੋਬਿੰਦ ਸਿੰਘ ਜੀ ਨੇ ਦੁਸ਼ਮਣਾਂ ਨੂੰ ਭਾਜੜਾ ਪਾ ਛੱਡੀਆ ਅਜ਼ਾਦੀ ਪ੍ਰਾਪਤੀ ਲਈ ਕਈ ਲਹਿਰਾਂ ਜਿਵੇਂ - ਨਾਮਧਾਰੀ ਲਹਿਰ, ਭਗੜੀ ਸੰਭਾਲ ਜੱਟਾ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਸਭਾ ਚਲਾਈਆਂ ਤੇ ਕੁਰਬਾਨੀਆਂ ਦਿੱਤੀਆਂ ਲਈ ਕੀਮਤੀ ਜਾਨਾਂ ਜਿਵੇਂ — ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਲਾਲਾ ਲਾਜਪਤ ਰਾਏ, ਹਰੀ ਕਿਸ਼ਨ ਚੰਦਰ ਸ਼ੇਖਰ ਅਜਾਦ ਸੁਖਦੇਵ ਰਾਜਗੁਰ ਆਦਿ ਇਸ ਦੀ ਭੇਟ ਚੜ੍ਹੀਆਂ ਅਜ਼ਾਦੀ ਦੇ ਮੁੱਖ ਆਗੂ ਮਹਾਤਮਾ ਗਾਂਧੀ, ਸਰਦਾਰ ਪਟੇਲ, ਮੌਲਾਨਾ ਅਜਾਦ, ਪੰਡਿਤ ਜਵਾਹਰ ਲਾਲ ਨਹਿਰੂ ਆਦਿ ਬਣੇ। ਇਸ ਤਰ੍ਹਾਂ ਭਾਰਤ ਦੀ ਅਜ਼ਾਦੀ ਦਾ ਇਤਿਹਾਸ ਬੜਾ ਵੱਡਾ ਤੇ ਪੁਰਾਣਾ ਹੈ।

ਦਰਅਸਲ 1947 ਤੋਂ ਪਹਿਲਾਂ ਲਗਭਗ 200 ਸਾਲ ਤੱਕ ਸਾਡਾ ਦੇਸ਼ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੁਖੀ ਸੀ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ? ?ਕਾਰਨ ਭਾਰਤ ਦੇ ਬਹੁਤ ਸਾਰੇ ਕ੍ਰਾਂਤੀਕਾਰੀਆਂ ਨੇ ਅੰਗਰੇਜ਼ ਹਕੂਮਤ ਵਿਰੁੱਧ ਇਨਕਲਾਬ ਦਾ ਬਿਗੁਲ ਵਜਾਇਆ ਸੀ। ਇਸ ਤਰ੍ਹਾਂ ਅੰਗਰੇਜ਼ਾਂ ਨੇ ਭਾਵੇਂ ਸਾਡੇ ਦੇਸ਼ 'ਤੇ ਲੰਮਾ ਸਮਾਂ ਰਾਜ ਕੀਤਾ ਪਰ ਉਹ ਕਦੇ ਵੀ ਸ਼ਾਂਤੀ ਨਾਲ ਰਾਜ ਨਹੀਂ ਕਰ ਸਕੇ। ਉਨ੍ਹਾਂ ਨੂੰ ਕਿਤੇ ਨਾ ਕਿਤੇ ਬਗਾਵਤ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਲੰਮੀ ਅਤੇ ਸਖ਼ਤ ਜੱਦੋ-ਜਹਿਦ ਤੋਂ ਬਾਅਦ 15 ਅਗਸਤ 1947 ਨੂੰ ਸਾਡਾ ਭਾਰਤ ਦੇਸ਼ ਆਜ਼ਾਦ ਹੋਇਆ।

15 ਅਗਸਤ ਵਾਲੇ ਦਿਨ ਦਾ ਸਮਾਗਮ - ਪੰਦਰਾਂ ਅਗਸਤ ਸਾਰੇ ਹਿੰਦੁਸਤਾਨ ਵਿਚ ਇਕ ਸਾਂਝਾ ਤਿਉਹਾਰ ਵਾਂਗ ਮਨਾਇਆ ਜਾਂਦਾ ਹੈ। ਇਸ ਦਿਨ ਦੇਸ਼ ਦੇ ਪ੍ਰਧਾਨ ਮੰਤਰੀ ਦਿੱਲੀ ਦੇ ਲਾਲ ਕਿਲ੍ਹੇ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹਨ। ਇਸ ਤੋਂ ਪਹਿਲਾ ਉਹ ਰਾਜਘਾਟ, ਸ਼ਕਤੀ ਸਥਲ, ਵਿਜੈਘਾਟ, ਬਾਤੀਵਣ ਆਦਿ ਮਹਾਨ ਨੇਤਾਵਾਂ ਦੀਆਂ ਸਮਾਧੀਆਂ ਤੇ ਸ਼ਰਧਾਂਜਲੀਆਂ ਵਜੋਂ ਫੁੱਲ-ਮਲਾਵਾਂ ਭੇਂਟ ਕਰਦੇ ਹਨ। ਫਿਰ ਕੌਮੀ ਗੀਤ ਗਾਇਆ ਜਾਂਦਾ ਹੈ ਝੰਡੇ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ। ਪ੍ਰਧਾਨ ਮੰਤਰੀ ਕੌਮ ਦੇ ਨਾਂ ਸੰਦੇਸ਼ ਦਿੰਦੇ ਹਨ।ਇਸ ਵਿਚ ਸਾਰੀਆਂ ਯੋਜਨਾਵਾਂ ਬਿਆਨ ਕਰਦੇ ਹਨ।ਇਸ ਦਾ ਸਿੱਧਾ ਪ੍ਰਸਾਰਨ ਟੀ.ਵੀ. ਦੇ ਵੱਖ-ਵੱਖ ਚੈਨਲਾਂ 'ਤੇ ਇਹ ਕੀਤਾ ਜਾਂਦਾ ਹੈ। ਲੋਕ ਘਰ ਬੈਠੇ ਹੀ ਇਸ ਦਾ ਆਨੰਦ ਮਾਣਦੇ ਹਨ।

ਦੇਸ਼ ਦੇ ਬਾਕੀ ਕੋਨਿਆਂ ਵਿਚ 15 ਅਗਸਤ ਦਾ ਸਮਾਗਮ - ਰਾਜਧਾਨੀ ਤੋਂ ਇਲਾਵਾ ਦੇਸ਼ ਭਰ ਵਿਚ ਭਿੰਨ-ਭਿੰਨ ਪ੍ਰਦੇਸਾ ਦੀਆਂ ਰਾਜਧਾਨੀਆਂ ਤੇ ਨਗਰਾਂ ਵਿਚ ਇਸ ਨੂੰ ਮਨਾਉਣ ਲਈ ਪ੍ਰੋਗਰਾਮ ਕੀਤੇ ਜਾਂਦੇ ਹਨ।ਪ੍ਰਦੇਸਾਂ ਦੇ ਮੁੱਖ ਮੰਤਰੀ ਤੇ ਦੂਸਰੇ ਮੰਤਰੀ ਤੇ ਜ਼ਿਲ੍ਹਾ ਅਧਿਕਾਰੀ ਭਿੰਨ-ਭਿੰਨ ਮਿਥੇ ਥਾਵਾਂ 'ਤੇ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਦੇ ਹਨ। ਇਸ ਦਿਨ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਰੰਗ-ਬਰੰਗ ਸੱਭਿਆਚਾਰਕ ਪ੍ਰੋਗਰਾਮ, ਡਾਂਸ, ਭੰਗੜੇ-ਗਿੱਧੇ ਤੇ ਪੀ. ਟੀ. ਆਦਿ ਪੇਸ਼ ਕਰਦੇ ਹਨ।ਇਸ ਦਿਨ ਟੀ. ਵੀ., ਰੇਡੀਓ, ਸਿਨਮਾ, ਥੀਏਟਰਾਂ ਤੇ ਖੇਡ ਪ੍ਰੋਗਰਾਮ ਲੋਕਾਂ ਨੂੰ ਦਿਖਾਏ ਜਾਂਦੇ ਹਨ।

15 ਅਗਸਤ ਦਾ ਸਾਰੰਸ਼ - ਸੁਤੰਤਰਤਾ ਇਕ ਬਹੁਮੁੱਲੀ ਵਸਤੂ ਹੈ। 15 ਅਗਸਤ ਦਾ ਦਿਨ ਸਾਨੂੰ ਇਹ ਸੰਦੇਸ਼ ਵੀ ਦਿੰਦਾ ਹੈ ਕਿ ਜਿਸ ਤਰਾਂ ਦੇਸ ਭਗਤਾਂ ਨੇ ਉਸ ਨੂੰ ਅਜ਼ਾਦ ਕਰਾਉਣ ਲਈ ਕੁਤਬਾਨੀਆਂ ਦਿੱਤੀਆਂ, ਇਸੇ ਤਰ੍ਹਾਂ ਸਾਨੂੰ ਦੇਸ ਦੀ ਅਜਾਦੀ ਨੂੰ ਕਾਇਮ ਰੱਖਣ ਲਈ ਆਪਣਾ ਤਨ, ਮਨ, ਧਨ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਦੇਸ਼ ਵਿੱਚ ਤੇ ਜਾਤ ਰਿਸ਼ਵਤਖੋਰੀ, ਭ੍ਰਿਸਟਾਚਾਰੀ ਨੂੰ ਦੇਬੇ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਸਾਨੂੰ ਦੋਸਤ ਕੀਤਾ ਦੇ ਜਲ੍ਹ ਜਾਣ ਤੇ ਜਾਨਾਂ ਵਾਰ ਦੇਣ ਦੀਆਂ ਗੱਲਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਹਨਾਂ ਦੇ ਸੁਪਨਿਆਂ ਨੂੰ ਵਕਤ ਯਾਦ ਕਰਦੇ ਰਹਿਣਾ ਚਾਹੀਦਾ ਹੈ।

# 15 ਅਗਸਤ 1947 ਅਤੇ ਸਿਖ



**ਕੁਲਦੀਪ ਸਿੰਘ**

ਚੌਦਾਂ ਅਗਸਤ 1947 ਵਾਲੇ ਦਿਨ ਸੂਰਜ ਦਾ ਰਥ ਸਦੀਆਂ ਤੋਂ ਚਲੇ ਆਉਂਦੇ ਪਰੋਗਰਾਮ ਅਨੁਸਾਰ ਜਦ ਸਰਕਦਾ ਸਰਕਦਾ ਪੱਛਮ ਵਿਚ ਅਲੋਪ ਹੋ ਗਿਆ ਤਾਂ ਭਾਰਤ ਦੀ ਬਹੁਗਿਣਤੀ ਵੀ ਹਰ ਰੋਜ਼ ਵਾਂਗ ਆਪਣੀ ਪਿਆਰੀ ਲੇਲਾ ( ਰਾਤ ਰਾਣੀ ) ਦੀ ਗੋਦ ਵਿਚ ਜਾ ਬਿਰਾਜਮਾਨ ਹੋਈ। ਸਦੀਆਂ ਤੋਂ ਗੁਲਾਮੀ ਦਾ ਜੂਲਾ ਚੁੱਕੀ ਫਿਰਦੀ ਬਹੁਗਿਣਤੀ ਦੇ ਕੱਨਾਂ ( ਬਲਦ ਦੀ ਗਰਦਨ ਤੇ ਲੱਗਾ ਲਾਗਾ ) ਪੈਣ ਕਾਰਨ ਉਸ ਨੂੰ ਗੁਲਾਮੀ ਅਜ਼ਾਦੀ ਦੀ ਕੋਈ ਸਾਰ ਹੀ ਨਹੀਂ ਸੀ। ਰਾਜਾ , ਜ਼ਿਮੀਂਦਾਰ, ਉਚ ਜ਼ਾਤੀ ਦੇ ਠਾਕਰ ਲੋਗ ਹੀ ਉਸ ਲਈ ਅਨ ਦਾਤਾ ਸਨ। ਆਮ ਲੋਕ ਉਹਨਾਂ ਅਗੇ ਉਚਾ ਨਹੀਂ ਸਨ ਬੈਠ ਸਕਦੇ ਉਹਨਾਂ ਸਾਹਵੇਂ ਧਰਤੀ ਤੇ ਬੈਠ ਕੇ ਆਖਦੇ ਆਪ ਤੋ ਹਮਾਰੇ ਲੀਏ ਭਗਵਨ ਹੈਂ। ਵਰਣ ਵੰਡ ਦਾ ਸ਼ਿਕੰਜਾ ਸਮਾਜ ਨੂੰ ਨਿੱਸਲ ਕਰੀ ਜਾ ਰਿਹਾ ਸੀ। ਚੌਦਾਂ ਅਗਸਤ 1947, ਬਾਰਾਂ ਵਜੇ ਰਾਤ ਨੂੰ ਹੋਣ ਵਾਲੀ ਤਬਦੀਲੀ ਨਾਲ ਜਨਸਾਧਾਰਨ ਨੂੰ ਕੋਈ ਵਾਸਤਾ ਨਹੀਂ ਸੀ।

ਚੌਦਾਂ ਅਗਸਤ ਦੀ ਰਾਤ ਨੂੰ 12 ਵਜੇ ਘੜੀ ਦੀਆਂ ਦੋਨੋ ਸੂਈਆਂ ਜਦ ਨੰਬਰ ਬਾਰਾਂ ਤੇ ਇਕੱਠੀਆਂ ਹੋਈਆਂ ਤਾਂ ਲਾਲ ਕਿਲ੍ਹੇ ਦੇ ਫਲੈਗ ਪੋਸਟ ਤੋਂ ਯੂਨੀਅਨ ਜੈਕ ਉਤਾਰ ਲਿਆ ਗਿਆ। ਕੁਝ ਹੀ ਮਿੰਟਾਂ ਵਿਚ ਯੂਨੀਅਨ ਜੈਕ ਦੀ ਥ੍ਹਾਂ ਤਰੰਗਾ ਲੈਹਰਾਉਣ ਲੱਗਾ। ਭਾਰਤ ਦੀ ਜਾਗਦੀ ਵਸੋਂ ਨੇ ਪੰਡਤ ਜਵਾਹਰ ਲਾਲ ਨੈਹਰੂ ਜੀ ਦਾ ਭਾਸ਼ਨ ਸੁਣਿਆਂ। ਸਚ ਹੀ ਤਾਂ ਆਖਿਆ ਸੀ ਪੰਡਤ ਜੀ ਨੇ ਅਜ ਵਰਗੀ ਤਬਦੀਲੀ ਭਾਗਾਂ ਵਾਲਿਆਂ ਦੇ ਹਿਸੇ ਆਉਂਦੀ ਹੈ। ਸਭ ਤੋਂ ਵੱਡੀ ਤਬਦੀਲੀ ਤਾਂ ਪੰਡਤ ਜੀ ਦੇ ਜੀਵਨ ਵਿਚ ਆਈ ਸੀ, ਇਕ ਗੁਲਾਮ ਹੁਣ ਤਾਜਦਾਰ ਹੋ ਗਿਆ ਸੀ, ਉਸਨੂੰ ਗਿਰਫਤਾਰ ਕਰਨ ਵਾਲੀ ਪੁਲੀਸ ਹੁਣ ਉਸ ਦੀ ਤਾਬਿਆਦਾਰੀ ਵਿਚ ਹਾਜ਼ਰ ਹੋ ਗਈ ਸੀ।

ਭਾਰਤੀ ਫੌਜੀ ਜਾਗ ਰਹੇ ਸਨ। ਭਾਰਤ ਦੀ ਪੁਲਸ ਜਾਗ ਰਹੀ ਸੀ। ਭਾਰਤ ਦੀ ਅਫਸਰ ਸ਼ਾਹੀ ਜਾਗ ਰਹੀ ਸੀ। ਉਹ ਸਮਝਦੇ ਸਨ ਕਿ ਫਰੰਗੀ ਰਾਜ ਜਾਣ ਨਾਲ ਫਰੰਗੀ ਅਫਸਰਾਂ ਦੀ ਹੂਤ ਹਾਤ ਵੀ ਜਾਂਦੀ ਲਗੇ ਗੀ। ਉਹਨਾ ਦੇ ਸਵੈਮਾਨ ਨੂੰ ਚੋਟ ਮਾਰਨ ਵਾਲਾ ਸਦਾ ਲਈ ਚਲਾ ਜਾਵੇਗਾ। ਉਹਨਾਂ ਵਿਚਾਰਿਆਂ ਨੂੰ ਇਹ ਗਿਆਨ ਥੋਹੜਾ ਸੀ ਕਿ ਹਕੂਮਤ ਦੀ ਵਾਗ ਡੋਰ ਸੰਭਾਲਣ ਵਾਲੇ ਸਿਆਸੀ ਆਗੂ ਇਹੋ ਜਿਹੀ ਭਰਿਸ਼ਟ ਸਰਕਾਰ ਦਾ ਗੱਠਨ ਕਰਨਗੇ ਕਿ ਹਰ ਕੋਈ ਪੁਕਾਰ ਉਠੇਗਾ ਅਗੇ ਨਾਲੋਂ ਪਿਛਾ ਭਲਾ।15 ਅਗਸਟ 1947 ਤਕ ਕੁਝ ਭਾਰਤੀਆਂ ਦੀਆਂ ਬੇੜੀਆਂ ਅਤੇ ਕੜੀਆਂ ਪਤਲੀਆਂ ਸਨ (ਗਾਂਧੀ ਜੀ ਨੂੰ ਤਾਂ ਸਰਕਾਰੀ ਮਹਿਮਾਨ ਦੀ ਤਰਾਂ ਸਰ ਆਗਾ ਖਾਨ ਦੀ ਕੋਠੀ ਵਿਚ ਨਜ਼ਰਬੰਦ ਰਖਿਆਂ ਜਾਂਦਾ ਸੀ) ਅਤੇ ਮੋਟੀਆਂ ਬੇੜੀਆਂ ਵਾਲਿਆਂ ਲਈ ਕਾਲੇ ਪਾਣੀ ਦੀਆਂ ਕਾਲ ਕੋਠੜੀਆਂ ਸਨ। ਗਾਂਧੀ ਜੀ ਦੀ ਭਾਗਾਂ ਵਾਲੀ ਬਕਰੀ ਦੇ ਖਾਣ ਲਈ ਅੰਗੂਰ ਮਿਲਦੇ ਸਨ ਜਦ ਕਿ ਮੋਟੀ ਬੇੜੀਆਂ ਵਾਲਿਆਂ ਲਈ ਘੱਟੀਆ ਖੋਰਾਕ, ਜੇਹਲਰਾਂ ਦਾ ਤੱਸ਼ਦਦ, ਖਾਣ ਪੀਣ ਉਠਣ ਬੈਠਣ ਅਤੇ ਟਟੀ ਪੈਸ਼ਾਬ ਸਭ ਕਾਸੇ ਲਈ ਇਕੋ ਕਮਰਾ। ਫੇਰ ਵੀ ਉਹ ਸੀ ਨਾ ਕਰਦੇ, ਉਠਦੇ ਬੈਠਦੇ ਗੁਲਾਮੀ ਦਾ ਜੂਲਾ ਵਗ੍ਹਾ ਮਾਰਨ ਦਾ ਹੀ ਸੁਪਨਾ ਸਾਕਾਰ ਕਰਨ ਲਈ ਆਪਣੀ ਜਾਨ ਜਾਇਦਾਦ ਸਭ ਦਾਅ ਤੇ ਲਾਈ ਬੈਠੈ ਸਨ। ਜਾਗਦੇ ਉਹ ਆਜ਼ਾਦੀ ਲਈ ਜੂਝਦੇ ਸਨ ਅਤੇ ਸੌਂਦੇ ਤਾਂ ਆਜ਼ਾਦੀ ਦਾ ਸੁਪਨਾ ਲੈਂਦੇ ਸਨ ( ਰਾਤੀਂ ਸੁਤੇ ਪਏ ਮੈਨੂੰ ਇਕ ਖ਼ੁਆਬ ਆ ਗਿਆ ਭਜੇ ਜਾਣ ਫਰੰਗੀ ਇਨਕਲਾਬ ਆ ਗਿਆ)

ਆਖਰ 15 ਅਗਸਤ 1947 ਨੂੰ ਜਦ ਇਨਕਲਾਬ ਆਇਆ ਤਾਂ ਉਸ ਨੂੰ ਲਿਆਉਣ ਲਈ ਸੰਘ੍ਰਸ਼ ਕਰਨ ਵਾਲੇ ਤਾਂ ਜੇਹਲਾਂ ਵਿਚ ਡੱਕੇ ਹੋਏ ਸਨ ਅਤੇ ਬਰਤਾਨੀਆਂ ਸਰਕਾਰ ਆਪਣੇ ਚੁਣੇ ਚਹੇਤੇ ਆਗੂਆਂ ਹਥ ਹਕੂਮਤ ਦੀ ਵਾਗ ਡੋਰ ਸੰਭਾਲ ਰਹੀ ਸੀ। ਜਦ ਤਕ ਨੈਹਰੂ ਸਰਕਾਰ ਪੂਰੀ ਤਰਾਂ ਕਾਬਜ਼ ਨਹੀਂ ਹੋਈ ਆਜ਼ਾਦੀ ਲਈ ਆਪਾ ਵਾਰਨ ਵਾਲੇ ਜੇਹਲਾਂ ਵਿਚ ਹੀ ਡਕੇ ਰਹੇ। ਮਹਾਤਮਾਂ ਗਾਂਧੀ ਦੇ ਕਤਲ ਉਪਰੰਤ 1948 ਵਿਚ ਰਾਸ਼ਟਰੀਆ ਸੋਇਮ ਸੇਵਕ ਸੰਗ ਨੂੰ ਬੇਨ ਕਰ ਦਿਤਾ ਗਿਆ। ਉਸੇ ਰਾਤ ਹਰ ਸੜਕ ਤੇ ਕੁਝ ਕੁਝ ਫਾਸਲੇ ਤੇ ਚਿਟੇ ਪੇਂਟ ਨਾਲ ਲਿਖਿਆ ਗਿਆ ( ਜੇ ਫਾਰ ਜਸਟਸ ਟੂ ਆਰ ਐਸ ਐਸ ) ਅਤੇ ਕੰਧਾ ਤੇ ਪੋਸਟਰ ਲਗਾ ਦਿਤੇ ਗਏ। ਇਸ ਤੋਂ ਸਾਫ ਜ਼ਾਹਰ ਹੁੰਦਾ ਸੀ ਕਿ ਸੰਗ ਵਾਲੇ ਕਿਨੇ ਆਰਗਨਾਇਜ਼ ਸਨ। ਜਿਸ ਗੱਲ ਤੋਂ ਕਾਂਗਰਸ ਡਰਦੀ ਸੀ ਉਹ ਅਜ ਸਾਕਾਰ ਹੋ ਗਈ ਹੈ। ਬੀ ਜੇ ਪੀ ਕਾਂਗਰਸ ਨੂੰ ਚੈਲੰਜ ਕਰਨ ਦੇ ਕਾਬਲ ਹੋ ਗਈ ਹੈ।

ਭਾਰਤ ਨੂੰ ਆਜ਼ਾਦ ਕਰਨਾ ਬਰਤਾਨਵੀ ਸਰਕਾਰ ਦੀ ਮਜਬੂਰੀ ਸੀ। ਦੂਜੀ ਆਲਮੀ ਜੰਗ ਕਾਰਨ ਬਰਤਾਨੀਆਂ ਦੀ ਆਰਥਕ ਹਾਲਤ ਬੇਹਦ ਪਤਲੀ ਹੋ ਗਈ ਸੀ। 1946 ਵਿਚ ਨੇਵੀ ਵਿਚ ਹੋਈ ਬਗਾਵਤ ਕਾਰਨ ਬਰਤਾਨਵੀ ਹਾਕਮਾਂ ਦੇ ਮਨ ਵਿਚ ਹਿੰਦੋਸਤਾਨੀ ਫੌਜ ਬਾਰੇ ਇਕ ਸ਼ੰਕਾ ਉਤਪਨ ਹੋ ਗਿਆ ਸੀ ਕਿ ਕਦੇ ਵੀ ਆਜ਼ਦ ਹਿੰਦ ਫੌਜ ਵਰਗਾ ਗਠਨ ਹੋ ਸਕਦਾ ਹੈ। ਇਸੇ ਲਈ ਕਿਸੇ ਦਬਾ ਥਲੇ ਮੁਲਕ ਛਡਣ ਦੀ ਬਜਾਏ ਆਪਣੇ ਚਹੇਤਿਆਂ ਹਥ ਹਕੂਮਤ ਦੀ ਵਾਗ ਡੋਰ ਸੰਭਾਲਣ ਨੂੰ ਹੀ ਭਲਾ ਸਮਝਿਆ।

ਜੰਗੇ ਆਜ਼ਾਦੀ ਦੌਰਾਨ ਸਭ ਦੀ ਇਕੋ ਸੋਚ ਸੀ ਕਿ ਆਜ਼ਾਦੀ ਮਿਲਣ ਉਪਰੰਤ ਹਕੂਮਤ ਬਰਤਾਨੀਆਂ ਦੀ ਲੁਟ ਖਸੁਟ ਬੰਦ ਹੋ ਜਾਵੇਗੀ। ਭਾਰਤ ਵਾਸੀ ਆਪਣੀ ਤਕਦੀਰ ਦਾ ਫੈਸਲਾ ਆਪ ਕਰਨਗੇ। ਇਬਰਾਹੀਮ ਲਿੰਕਨ ਲੋਕਤੰਤਰ ਦੇ ਬੁਨਿਆਦੀ ਅਸੂਲਾਂ ਦੀ ਗੱਲ ਕਰਦਾ ਹੋਇਆ ਆਖਦਾ ਹੈ( ਕੋਈ ਵੀ ਇਨਸਾਨ ਇੱਡਾ ਵਧੀਆ ਜਾਂ ਸਿਆਣਾ ਨਹੀਂ ਜੋ ਦੂਸਰੇ ਦੀ ਮਰਜ਼ੀ ਤੋਂ ਬਗੈਰ ਹੀ ਉਸ ਤੇ ਰਾਜ ਕਰੇ ) ਆਜ਼ਾਦੀ ਦੇ ਘੁਲਾਟੀਆਂ ਦਾ ਵੀ ਇਹੋ ਸੁਪਨਾਂ ਸੀ ਕਿ ਆਜਾ ?ਦੀ ਮਿਲਣ ਉਪਰੰਤ ਰਲ ਮਿਲ ਕੇ ਇਕ ਐਸੀ ਸਰਕਾਰ ਬਣਾਈ ਜਾਵੇਗੀ ਜੋ ਬਗੈਰ ਕਿਸੇ ਵਿਤਕਰੇ ਦੇ ਹਰ ਬਸ਼ਰ ਦੀ ਜਾਨ ਮਾਲ ਦੀ ਰਾਖੀ ਕਰੇਗੀ।ਸਰਕਾਰ ਜਰਾਇਮ ਤੇ ਕੱਬੂ ਪਾਏਗੀ ਅਤੇ ਬਾਹਰੀ ਹਮਲਾਆਵਰਾਂ ਤੋਂ ਦੇਸ਼ ਦੀ ਰਖਿਆ ਕਰੇਗੀ। ਲੋਕਾਂ ਦੇ ਧਰਮ ਅਤੇ ਵਿਚਾਰਾਂ ਤੇ ਸਰਕਾਰ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰੇਗੀ। ਦੇਸ਼ ਦਾ ਹਰ ਬਸ਼ਰ ਸ਼ਖਸ਼ੀ ਆਜ਼ਾਦੀ ਦਾ ਨਿਘ ਮਾਣ ਸਕੇਗਾ। ਆਜ਼ਦੀ ਦੇ ਸੰਘਰਸ਼ ਦੌਰਾਨ ਪੰਡਤ ਨੈਹਰੂ ਜੰਨਤਾ ਨਾਲ ਇਹੋ ਇਕਰਾਰ ਕਰਦੇ ਆਏ ਸਨ ਪਰ ਹਕੂਮਤ ਹਥ ਆਉਂਦਿਆਂ ਹੀ ਸਾਰੇ ਇਕਰਾਰ ਫਿਕੇ ਪੈ ਗਏ। 15 ਅਗਸਤ 1947 ਤੋਂ ਬਾਅਦ ਕੋਟ ਪੈਂਟ ਟਾਈ ਦੀ ਥ੍ਹਾਂ ਕੁੜਤਾ ਪਾਜਾਮਾਂ ਅਤੇ ਨੈਹਰੂ ਜੈਕਟ ਆ ਗਏ। ਅੰਗਰੇਜ਼ੀ ਟੋਪ ਦੀ ਜਗ੍ਹਾ ਦੋ ਟਕੇ ਦੀ ਗਾਂਧੀ ਟੋਪੀ ਨੇ ਸੰਭਾਲ ਲਈ। ਇਸ ਬਾਣੇ ਨੂੰ ਕਾਂਗਰਸੀ ਲੀਡਰਾਂ ਨੇ ਹੇਰਾ ਫੇਰੀ, ਲੁਟ ਖਸੁਟ ਅਤੇ ਧਾਦਲੀ ਲਈ ਪਰਮਿਟ ਵਾਂਗ ਵਰਤਿਆ। ਲੋਕੀਂ ਦਬੀ ਜ਼ਬਾਨ ਆਖ ਰਹੇ ਸਨ ( ਅਸੀਂ ਚਾਹੰਦੇ ਹਾਂ ਇਸ ਗੌਰਮੈਂਟ ਨੂੰ ਕਾਨੂੰਨ ਬਣਾਉਣਾ ਚਾਹੀਦਾ ਇਸ ਥਰੀ ਨੌਟ ਥਰੀ ਦੀ ਟੋਪੀ ਤੇ ਲਾਸੰਸ ਲਗਾਉਣਾ ਚਾਹੀਦਾ )।

ਭਾਰਤ ਆਜ਼ਾਦ ਤਾਂ ਹੋ ਗਿਆ ਪਰ ਹਾਕਮ ਜਮਾਤ ਵਿਚੋਂ ਸਦੀਆਂ ਦੀ ਗੁਲਾਮੀ ਦੀ ਜ਼ਹਿਨੀਅਤ ਨਾ ਗਈ ਜਿਵੇਂ ਹਰ ਔਰਤ ਸਸ ਬਣ ਕੇ ਨੂੰਹ ਨਾਲ ਉਹੋ ਵਿਹਾਰ ਕਰਦੀ ਹੈ ਜੋ ਉਸ ਦੀ ਸਸ ਉਸ ਨਾਲ ਕਰਿਆ ਕਰਦੀ ਸੀ ਠੀਕ ਉਸੇ ਤਰਾਂ ਹਕੂਮਤ ਦੀ ਕੁਰਸੀ ਤੇ ਬੈਠਣ ਵਾਲਿਆਂ ਕੀਤਾ। ਪੰਜਾਬੀਆਂ ਨੂੰ ਖਾਸ ਕਰ ਸਿਖਾਂ ਨੂੰ ਆਜ਼ਾਦੀ ਦਾ ਨਿਘ ਮਾਨਣ ਦਾ ਅਵਸਰ ਦੇਣ ਦੇ ਇਕਰਾਰ ਨੂੰ ਛਿਕੇ ਟੰਗ ਕੇ ਗੁਲਾਮੀ ਦਾ ਐਹਸਾਸ ਕਰਾਉਣਾ ਸ਼ੁਰੂ ਕਰ ਦਿਤਾ। ਆਜ਼ਦੀ ਤੋਂ ਪਹਿਲਾਂ ਗਾਂਧੀ ਜੀ ਨੇ ਚਾਂਦਨੀ ਚੌਕ ਗੁਰਦਵਾਰੇ ਵਿਚ ਆਪਣੇ ਭਾਸ਼ਨ ਦੌਰਾਨ ਆਖਿਆ ਸੀ ਕਿ ਸਿਖਾਂ ਨਾਲ ਪੂਰਾ ਇਨਸਾਫ ਹੋਵੇਗਾ। ਅਗਰ ਕਾਂਗਰਸ ਬੇਇਨਸਾਫੀ ਕਰੇਗੀ ਤਾਂ ਸਿਖਾਂ ਪਾਸ ਆਪਣਾ ਹੱਕ ਹਾਸਲ ਕਰਨ ਲਈ ਕਿਰਪਾਨ ਹੈ। ਆਪਣੇ ਆਪ ਨੂੰ ਆਹਿੰਸਾ ਦਾ ਮਸੀਹਾ ਕਹਾਉਣ ਵਾਲਾ ਤਲਵਾਰ ਚੁੱਕਣ ਦੀ ਗੱਲ ਕਰੇ ਤਾਂ ਸਮਝ ਲੈਣਾ ਚਾਹੀਦਾ ਸੀ ਕਿ ਦਾਲ ਵਿਚ ਕੁਝ ਕਾਲਾ ਹੈ ਪਰ ਸਾਡੇ ਵਿਚੋਂ ਹੀ ਕੁਝ ਜ਼ਰ-ਖਰੀਦ ਆਗੂ ਜੈਕਾਰਿਆਂ ਦੀ ਗੂੰਜ ਵਿਚ ਸਭ ਕੁਝ ਲੁਕਾ ਦਿੰਦੇ ਹਨ। ਐਨੇ ਸਾਲ ਬੀਤਣ ਬਾਅਦ ਏਨਾ ਨੁਕਸਾਨ ਕਰਵਾ ਕੇ ਵੀ ਸਿਖ ਕੌਮ ਆਪਣੇ ਵਿਚੋਂ ਗਦਾਰ ਆਗੂਆਂ ਨੂੰ ਨਖੇੜ ਨਹੀਂ ਸਕੀ। ਇਸੇ ਤਰਾਂ ਪੰਡਤ ਜੀ ਨੇ ਵੀ ਸਿਖਾਂ ਨੂੰ ਇਕ ਵਿਸਵਾਸ ਦਵਾਇਆ ਸੀ ਕਿ ਮੁਲਕ ਦੇ ਸ਼ਮਾਲ ਮਗਰਬ ਵਿਚ ਇਕ ਐਸਾ ਖਿਤਾ ਬਣਾ ਦਿਤਾ ਜਾਵੇਗਾ ਜਿਥੇ ਦੇਸ਼ ਦੀ ਬਹਾਦਰ ਸਿਖ ਕੌਮ ਆਜ਼ਾਦੀ ਦਾ ਨਿਘ ਮਾਣ ਸਕੇ। ਹਕੂਮਤ ਦੀ ਵਾਗ-ਡੋਰ ਸੰਭਾਲਦਿਆਂ ਸਭ ਤੋਂ ਪਹਿਲਾ ਤੋਹਫਾ ਜੋ ਨੈਹਰੂ ਸਰਕਾਰ ਨੇ ਆਜ਼ਦੀ ਦੇ ਘੋਲ ਵਿਚ ਵਿਤੋਂ ਬਾਹਰ ਕੁਰਬਾਨੀਆਂ ਕਰਨ ਵਾਲੀ ਸਿਖ ਕੌਮ ਨੂੰ ਦਿਤਾ ਉਹ ਸੀ ਕਿਰਪਾਨ ਤੇ ਪਾਬੰਦੀ। ਮਾਸਟਰ ਤਾਰਾ ਸਿੰਘ ਜੀ ਬੜੇ ਹੱਮੇਂ ਨਾਲ ਪੰਡਤ ਜੀ ਨਾਲ ਗੱਲ ਬਾਤ ਕਰਨ ਤੁਰ ਗਏ ਪਰ ਦਿਲੀ ਪੁਜਣ ਤੋਂ ਪਹਿਲਾਂ ਹੀ ਗਿਰਫਤਾਰ ਕਰ ਲਏ ਗਏ। ਵਕਤ ਮਿਲਣ ਤੇ ਜਦ ਪੰਡਤ ਜੀ ਨੂੰ ਅਤੇ ਗ੍ਰੈਹ ਮੰਤਰੀ ਪਟੇਲ ਜੀ ਨੂੰ ਮਿਲ ਕੇ ਕੀਤੇ ਇਕਰਾਰਾਂ ਦਾ ਚੇਤਾ ਕਰਵਾਇਆ ਤਾਂ ਜਵਾਬ ਮਿਲਿਆ ਸੀ ( ਅਬ ਵਕਤ ਬਦਲ ਚੁਕਾ ਹੈ ਮਾਸਟਰ ਜੀ ) ਸਿਰਫ ਇਨਾਂ ਕਹਿਣਾ ਹੀ ਬਾਕੀ ਸੀ ਕਿ ਵਾਹ ਭਈ ਸਿਖੋ ਤੁਮ ਲੋਗੋਂ ਨੇ ਇਤਹਾਸ ਸੇ ਕੁਝ ਨਹੀਂ ਸੀਖਾ ਤੋ ਹਮਾਰਾ ਕਿਆ ਕਸੂਰ, ਹਮਾਰੇ ਬਜ਼ੁਰਗ ਤੋ ਆਟੇ ਕੀ ਗਊ ਬਨਾ ਕਰ ਖਾਈ ਹੁਈ ਕਸਮੇਂ ਤੋੜਨੇ ਮੇਂ ਮਾਹਰ ਥੇ ਹਮ ਨੇ ਤੋ ਸਿਰਫ ਬਾਤੋਂ ਕੇ ਗੁਲਗੁਲੇ ਪਕਾਏ ਥੇ ਤੁਮ ਉਨ ਬਾਤੋਂ ਪਰ ਇਤਮਾਦ ਲੇ ਆਏ ਤੋ ਹਮ ਕਿਆ ਕਰੇਂ।

ਮੈਬੰਰ ਪਾਰਲੀਮੈਂਟ ਠਾਕਰ ਹੁਕਮ ਸਿੰਘ ਹੀ ਨਹੀਂ ਪੂਰੀ ਦੀ ਪੂਰੀ ਨੈਹਰੂ ਸਰਕਾਰ ਇਸ ਗੱਲ ਤੇ ਤੁਲੀ ਹੋਈ ਸੀ ਕਿ ਸਿਖਾਂ ਤੇ ਜਰਾਇਮ ਪੇਸ਼ਾ ਦਾ ਲੇਬਲ ਲਾ ਕੇ ਇਸ ਨੂੰ ਕੁੱਚਲ ਦਿਤਾ ਜਾਵੇ। ਸਪੋਕਸਮੈਨ ਅਖਬਾਰ ਨੇ ਇਸ ਦੇ ਉਤਰ ਵਿਚ ਲਿਖਿਆ ਸੀ ਕਿ ਚੰਬਲ ਘਾਟੀ ਵਿਚ ਜਿਨੇ ਡਾਕੂ ਪਲਦੇ ਹਨ ਜ਼ਿਆਦਾ ਤਰ ਠਾਕਰ ਹੀ ਹੁੰਦੇ ਹਨ। ਡਾਕੂ ਠਾਕਰ ਭੂਪਤ ਸਿੰਘ ਦੇ ਗਰੋਹ ਨੂੰ ਕਾਬੂ ਕਰਨ ਲਈ ਵਿਢੀਆਂ ਮੁਹਿਮਾਂ ਤੇ ਸਰਕਾਰ ਨੂੰ ਬੇ ਬਹਾ ਖਰਚਾ ਕਰਨਾ ਪੈਂਦਾ ਹੈ ਜਦ ਕਿ ਸਿਖ ਕੌਮ ਅਮਨ ਅਮਾਨ ਨਾਲ ਨਿਰਬਾਹ ਕਰ ਰਹੀ ਹੈ। ਕੀ ਠਾਕਰ ਹੁਕਮ ਸਿੰਘ ਜੀ ਇਹ ਮੰਨਣ ਨੂੰ ਤਿਆਰ ਹਨ ਕਿ ਉਹ ਵੀ ਠਾਕਰ ਬਰਾਦਰੀ ਵਿਚੋਂ ਹੁੰਦੇ ਹੋਏ ਡਾਕੂਆਂ ਦੇ ਭਾਈਵਾਲ ਹਨ। ਜੇ ਉਹਨਾਂ ਦਾ ਉਤਰ ਨਹੀਂ ਵਿਚ ਹੈ ਤਾਂ ਫੇਰ ਪੁਰ ਅਮਨ ਸਿਖ ਕੌਮ ਨੂੰ ਕਿਸ ਬਿਨਾ ਤੇ ਜਰਾਇਮ ਪੇਸ਼ਾ ਆਖ ਰਹੇ ਹਨ। ਬਰਤਾਨੀਆਂ ਸਰਕਾਰ ਤੇ ਇਹ ਦੋਸ਼ ਲਾਇਆ ਜਾਂਦਾ ਸੀ ਕਿ ਉਸ ਨੇ ਸੂਬਿਆਂ ਦੀ ਰੂਪ ਰੇਖਾ ਇਸ ਢੰਗ ਨਾਲ ਉਲੀਕੀ ਹੋਈ ਸੀ ਕਿ ਇਕ ਇਕ ਸੂਬੇ ਵਿਚ ਦੋ ਤਿਨ ਭਾਸ਼ਵਾਂ ਬੋਲੀਆਂ ਜਾਂਦੀਆਂ ਸਨ। ਨੈਹਰੂ ਸਰਕਾਰ ਨੇ ਬਾਕੀ ਸੂਬੇ ਤਾਂ ਭਾਸ਼ਾ ਦੇ ਆਧਾਰ ਤੇ ਬਣਾ ਦਿਤੇ ਪਰ ਪੰਜਾਬੀ ਸੂਬੇ ਨੂੰ ਬਣਾਉਣ ਤੋਂ ਇਨਕਾਰ ਕਰ ਦਿਤਾ। ਵਡਾ ਕਾਰਨ ਪੰਜਾਬੀ ਬੋਲੀ ਅਤੇ ਵਿਰਸੇ ਨੂੰ ਨੇਸਤੋ ਨਾਬੂਦ ਕਰਨਾ ਸੀ। ਬੋਲੀ ਵਿਰਸੇ ਨਾਲੋਂ ਟੁਟੀਆਂ ਕੌਮਾਂ ਮਿਟ ਜਾਂਦੀਆਂ ਹਨ। ਪੰਜਾਬੀਆਂ ਨੂੰ ਖਾਸ ਕਰ ਸਿਖਾਂ ਨੂੰ ਆਪਣੇ ਵਡਮੁਲੇ ਵਿਰਸੇ ਨਾਲੋਂ ਤੋੜਨਾ ਹੀ ਨੈਹਰੂ ਸਰਕਾਰ ਦਾ ਮਿਸ਼ਨ ਸੀ। ਪੰਜਾਬੀ ਸੂਬਾ ਬਣਾਉਣ ਲਈ ਮੋਰਚਾ ਲਗਿਆ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਸੂਬੇ ਦੀ ਮੰਗ ਕਰਨ ਵਾਲਿਆਂ ਨੂੰ ਜੇਲ੍ਹਾਂ ਵਿਚ ਡਕ ਦਿਤਾ ਗਿਆ। ਪੰਜਾਬੀ ਮੋਰਚਾ ਲਗਾ ਹੋਇਆ ਸੀ ਪੰਡਤ ਨੈਹਰੂ ਇਕ ਵੇਰ ਬਾਜ ਪੁਰ ( ਯੂਪੀ ) ਗਿਆ ਜਦ ਤਕਰੀਰ ਕਰਨ ਲੱਗਾ ਤਾਂ ਪੰਡਾਲ ਵਿਚੋਂ ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਹਰੇ ਗੂੰਜਣ ਲਗੇ ਤਾਂ ਪੰਡਤ ਜੀ ਸੁਭਾ ਅਨੁਸਾਰ ਅੱਗ ਬਗੋਲਾ ਹੋ ਕੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਦੇ ਹਏ ਆਖਣ ਲਗੇ ' ਬਦਤਮੀਜ਼ ਕਹੀਂ ਕੇ ਨਿਕਲ ਜਾਓ ਜਹਾਂ ਸੇ।' ਛੇਤੀਂ ਹੀ ਨੈਨੀਤਾਲ ਜ਼ਿਲੇ ਵਿਚੋਂ ਪੰਜਾਬੀਆਂ ਨੂੰ ਕੱਢਣ ਦੀ ਮੁਹਿਮ ਚਲ ਪਈ। ਪੰਜਾਬੀਆਂ ਨੂੰ ਫਾਰਮਾਂ ਵਿਚੋਂ ਕੱਢ ਕੇ ਕੈਂਪਾਂ ਵਿਚ ਡਕ ਦਿਤਾ ਗਿਆ। ਪੰਜਾਬੀ ਸਰਦਾਰ ਪਰਤਾਪ ਸਿੰਘ ਕੈਰੋਂ ਪਾਸ ਫਰਿਆਦੀ ਹੋਏ। ਵੈਸਾਖੀ ਦੇ ਮੌਕੇ ਤੇ ਸਰਦਾਰ ਪਰਤਾਪ ਸਿੰਘ ਕੈਰੋਂ ਪੀਲੀਭੀਤ ਆਇਆ ਪੰਜਾਬੀਆਂ ਦੇ ਦੁਖ ਸੁਣੇ ਫੇਰ ਨੈਨੀਤਾਲ ਦਾ ਦੌਰਾ ਕੀਤਾ। ਸਰਦਾਰ ਪਰਤਾਪ ਸਿੰਘ ਕੈਰੋਂ ਦੀ ਹਿਕਮਤ ਅਮਲੀ ਕੰਮ ਆਈ ਪੰਜਾਬੀਆਂ ਦਾ ਮੁੜ ਬਸੇਬਾ ਹੋ ਗਿਆ। ਦੁਬਾਰਾ 2006 ਵਿਚ ਨੈਨਤਾਲ ਜ਼ਿਲੇ ਵਿਚ ਪੰਜਾਬੀ ਫਾਰਮਰਾਂ ਤੇ ਪੁਲੀਸ ਦਾ ਅਤਿਆਚਾਰ ਦੁਨੀਆਂ ਨੇ ਟੈਲੀਵੀਜ਼ਨ ਤੇ ਦੇਖਿਆ ਹੈ। ਮੈਂ ਖੁਦ ਦਸ ਸਾਲ ਯੂਪੀ ਵਿਚ ਫਾਰਮ ਕੀਤੀ ਹੈ ਜ਼ਮੀਨ ਆਬਾਦ ਕਰਨ ਲਗਿਆਂ ਜਿਦਾਂ ਸਪਾਂ ਦੀਆਂ ਸਿਰੀਆਂ ਮਿੱਧਣੀਆਂ ਪੈਂਦੀਆਂ ਹਨ ਉਹ ਇਕ ਲੰਬੀ ਦਾਸਤਾਨ ਹੈ।

1947 ਤੋਂ ਲੈ ਕੇ 1964 ਤਕ ਪੰਡਤ ਜਵਾਹਰ ਲਾਲ ਨੈਹਰੂ ਜੀ ਦੇਸ਼ ਦੇ ਪਰਧਾਨ ਮੰਤਰੀ ਰਹੇ ਇਨੇ ਸਾਲਾਂ ਵਿਚ ਬਗੈਰ ਕਿਸੇ ਪੰਜ ਸਾਲਾ ਯੋਜਨਾਂ ਦੇ ਭਰਿਸ਼ਟਾਚਾਰ ਦਾ ਬੋਲ ਬਾਲਾ ਦਿਨ ਬਦਿਨ ਵਧਿਆ। ਗਰੀਬ ਅਤੇ ਅਮੀਰ ਵਿਚ ਪਾੜਾ ਵੱਧਿਆ। ਕਾਂਗਰਸ ਦੇ ਵਕਾਰ ਨੂੰ ਧਕਾ ਲੱਗਾ। ਪੰਡਤ ਜੀ ਭਾਰਤ ਦੇ ਲੋਕਾਂ ਦਾ ਜੀਵਨ ਪਧਰ ਉਚਾ ਕਰਨ ਦੀ ਬਜਾਏ ਏਸ਼ੀਆ ਦੇ ਲੀਡਰ ਬਣਨ ਵਿਚ ਰੁਝੇ ਰਹੇ। ਹਿੰਦੀ ਚੀਨੀ ਭਾਈ ਭਾਈ ਦਾ ਨਾਹਰਾ ਖੂਨੀ ਹੋਲੀ ਵਿਚ ਨਿਬਿੜਿਆ।ਪੰਡਤ ਦਾ ਪਰਧਾਨ ਮੰਤਰੀ ਹੁੰਦੇ ਹੋਏ ਹੀ ਅਕਾਲ ਚਲਾਣਾ ਕਰਨ ਕਾਰਨ ਕਾਂਗਰਸ ਵਿਚ ਪਰਧਾਨ ਮੰਤਰੀ ਦੀ ਕੁਰਸੀ ਲਈ ਯੁਧ ਛਿੜ ਪਿਆ। ਲ਼ਾਲ ਬਹਾਦਰ ਸ਼ਾਸਤਰੀ ਅਤੇ ਗੁਲਜ਼ਾਰੀ ਲਾਲ ਨੰਦਾ ਦੋ ਉਮੀਦਵਾਰ ਉਭਰ ਕੇ ਸਾਹਮਣੇ ਆਏ। ਸਰਦਾਰ ਪਰਤਾਪ ਸਿੰਘ ਕੈਰੋਂ ਲਾਲ ਬਹਾਦਰ ਸ਼ਾਸਤਰੀ ਜੀ ਲਈ ਪਰਚਾਰ ਕਰ ਰਹੇ ਸਨ ਅਖਵਾਰਾਂ ਵਿਚ ਕੈਰੋਂ ਸਾਹਿਬ ਦੇ ਬੜੇ ਬਾਦਲੀਲ ਆਰਟੀਕਲ ਛਪੇ। ਬਸ ਉਹ ਆਰਟੀਕਲ ਹੀ ਸਰਦਾਰ ਪਰਤਾਪ ਸਿੰਘ ਕੈਰੋਂ ਜੀ ਦੇ ਕਤਲ ਦਾ ਕਾਰਨ ਬਣੇ। ਲਾਲ ਬਹਾਦਰ ਸ਼ਾਸਤਰੀ ਜੀ ਨੇ ਕੁਝ ਸਮੇਂ ਲਈ ਦੇਸ਼ ਦੀ ਵਾਗ ਡੋਰ ਸੰਭਾਲੀ ਪਰ ਕੁਝ ਕਰ ਸਕਣ ਤੋਂ ਪਹਿਲਾਂ ਹੀ ਇਕ ਭੇਦ ਭਰੀ ਮੌਤ ਨਾਲ ਕਾਲੇ ਪਰਦੇ ਉਹਲੇ ਹੋ ਗਿਆ। ਇਨੇ ਕੁਰੱਪਟ ਦੇਸ਼ ਵਿਚ ਇਕ ਸ਼ਰੀਫ ਆਦਮੀ ਟਿਕ ਵੀ ਕਿਦਾਂ ਸਕਦਾ ਸੀ।

ਹੁਣ ਡਰਾਈਵਰ ਸੀਟ ਤੇ ਪੰਡਤ ਜੀ ਦੇ ਬੇਟੀ ਬੀਬੀ ਇੰਦਰਾ ਆਉਣ ਨਾਲ, ਭਾਰਤ ਨੈਹਰੂ ਪਵਿਾਰ ਦੀ ਜਦੀ ਜਗੀਰ ਬਣ ਕੇ ਰਹਿ ਗਿਆ। ਪੰਜਾਬੀ ਸੂਬੇ ਦੀ ਮੰਗ ਆਪਣੇ ਬਾਪ ਦੀ ਤਰਾਂ ਲਟਕਾਈ ਰਖੀ। ਇੰਦਰਾ ਜੀ ਦੇ ਕੁਝ ਸਮੇਂ ਰਾਜ ਭਾਗ ਤੋਂ ਦੂਰ ਹੋਣ ਨਾਲ ਗੁਲਜ਼ਾਰੀ ਲਾਲ ਨੰਦਾ ਜੀ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰਖ ਕੇ ਪੰਜਾਬੀਆਂ ਨੂੰ ਇਕ ਲੰਗੜਾ ਪੰਜਾਬੀ ਸੂਬਾ ਬਣਾ ਦਿਤਾ। ਜੰਗਲਾਤ ਹਿਮਾਚਲ ਵਿਚ ਚਲੇ ਗਏ, ਇੰਡੱਸਟਰੀ ਹਰਿਆਣਾ ਪਾਸ ਚਲੀ ਗਈ ਬੇਟ ਦਾ ਇਲਾਕਾ ਅਤੇ ਲੈਫਟ ਰਾਈਟ ਕਰਨ ਨੂੰ ਪਾਕਸਤਾਨ ਨਾਲ ਲਗਦੀ ਸਰਹਦ ਪੰਜਾਬੀਆ ਦੇ ਹਿਸੇ ਆਈ। 1 ਨਵੰਬਰ 1966 ਨੂੰ ਪੰਜਾਬ ਪੁਰਗਠਨ ਐਕਟ ਦੀ ਧਾਰਾ 78,79 ਅਤੇ 80 ਨਾਲ ਹੈਡਵਰਕਸ ਅਤੇ ਪੰਜਾਬ ਦੇ ਦਰਿਆਈ ਪਾਣੀਆ ਦਾ ਹਕ ਵੀ ਕੇਂਦਰ ਨੇ ਸੰਭਾਲ ਲਿਆ। ਇਹ ਤਾਂ ਪੰਜਾਬੀਆਂ ਦੀ ਖਾਸ ਕਰ ਸਿਖਾਂ ਦੀ ਤਕਦੀਰ ਚੰਗੀ ਸੀ ਜੋ ਉਹ ਰੋਜ਼ੀ ਰੋਟੀ ਦੀ ਭਾਲ ਵਿਚ ਪਰਦੇਸਾਂ ਨੂੰ ਪਲਾਇਨ ਕਰ ਗਏ ਨਹੀਂ ਤਾਂ ਭਾਰਤ ਸਰਕਾਰ ਤਾ ਉਹਨਾਂ ਨੂੰ ਘੱਸਿਆਰੇ ਬਣਾਉਣ ਤੇ ਤੁਲੀ ਹੋਈ ਸੀ।1978 ਦੀ ਵੈਸਾਖੀ ਤੋਂ ਸ਼ੁਰੂ ਹੋਇਆ ਨਿਰੰਕਾਰੀ ਕਾਂਡ ਅਕਾਲ ਤਖਤ ਤੇ ਭਾਰਤੀ ਫੌਜ ਵਲੋਂ ਸ਼ਰਮਨਾਕ ਹਮਲੇ ਦੇ ਰੂਪ ਵਿਚ ਸਾਹਮਣੇ ਆਇਆ। ਹਰਮੰਦਰ ਕੰਮਪਲੈਕਸ ਇਕ ਕਿਲ੍ਹੇ ਵਿਚ ਤਬਦੀਲ ਹੋਣ ਨਾਲ ਉਸ ਅਸਥਾਨ ਦੀ ਧਾਰਮਕ ਪਵਿਤੱਰਤਾ ਨੂੰ ਵੱਡੀ ਠੇਸ ਪੁਜੀ। ਅੰਦਰ ਬੈਠੇ ਐਲਾਨ ਕਰ ਰਹੇ ਸਨ ਕਿ ਉਹ ਹਰਮੰਦਰ ਦੀ ਪਵਿਤੱਰਤਾ ਨੂੰ ਭੰਗ ਨਹੀਂ ਹੋਣ ਦੇਣਗੇ। ਇੰਦਰਾ ਗਾਂਧੀ ਦੀ ਸਰਕਾਰ ਆਖ ਰਹੀ ਸੀ ਕਿ ਉਸ ਨੇ ਭੰਗ ਹੋਈ ਹਰਮੰਦਰ ਦੀ ਪਵਿਤੱਰਤਾ ਨੂੰ ਮੁੜ ਬਹਾਲ ਕਰਨਾ ਹੈ। ਭਾਰਤੀ ਫੌਜ ਦੀ ਗੋਲੀ ਬਾਹਰੋਂ ਅੰਦਰ ਵਲ ਜਾਂਦੀ ਸੀ ਅਤੇ ਜਵਾਬ ਵਿਚ ਪਵਿਤੱਰਤਾ ਦੀ ਰਾਖੀ ਕਰਨ ਵਾਲਿਆਂ ਦੀ ਗੋਲੀ ਬਾਹਰ ਵਲ ਆਉਂਦੀ ਸੀ ਦੋਵਾਂ ਦੀਆਂ ਗੋਲੀਆਂ ਪਵਿਤੱਰਤਾ ਵਿਚਾਰੀ ਨੂੰ ਛਨਣੀ ਛਨਣੀ ਕਰ ਰਹੀਆਂ ਸਨ। 4 ਜੂਨ 1984 ਨੂੰ ਵਰਤੇ ਸ਼ਰਮਨਾਕ ਦੁਖਾਂਤ ਤੋਂ ਵੀ ਸਿਖ ਆਗੂਆਂ ਨੇ ਸਿਆਸੀ ਲਾਹਾ ਹੀ ਲਿਆ। ਅਜ ਤਕ ਕਦੇ ਵੀ ਨਿਰਪੱਖ ਹੋ ਕੇ ਉਸ ਸ਼ਰਮਨਾਕ ਘਟਨਾ ਬਾਰੇ ਵਿਚਾਰ ਨਹੀਂ ਕੀਤੀ। ਅਤੇ ਨਾ ਕਦੇ ਕਰਨ ਦੀ ਉਮੀਦ ਹੈ, ਹਾਂ ਸਾਡਾ ਧਰਮ ਅਤੇ ਸਿਆਸਤ ਇਕਠੇ ਹਨ ਦੀ ਬੇਸੁਆਦ ਖਿਚੜੀ ਜਰੂਰ ਰਿਝਦੀ ਰਹੇਗੀ। ਪਰਦੇਸਾਂ ਵਿਚ ਆ ਕੇ ਵੀ ਅਸੀਂ ਕੁਝ ਨਹੀਂ ਸਿਖਿਆ। ਹਰ ਹਫਤੇ ਜਦ ਅਖਵਾਰ ਆਉਂਦੀ ਹੈ ਤਾਂ ਕਿਸੇ ਨਵੇਂ ਗੁਰੂ ਘਰ ਬਣਨ ਦੀ ਸੂਚਨਾ ਪੜ੍ਹਨ ਨੂੰ ਮਿਲਦੀ ਹੈ, ਦਾਨ ਲਈ ਅਪੀਲ ਹੁੰਦੀ ਹੈ। ਦੋ ਤਿਨ ਵਰਕ ਪਰਤਣ ਨਾਲ ਉਸੇ ਅਖਵਾਰ ਵਿਚ ਕਿਸੇ ਗੁਰਦਵਾਰੇ ਵਿਚ ਹੋਈ ਹਥੋਪਾਈ ਦਾ ਵਰਨਣ ਹੁੰਦਾ ਹੈ। ਵਕੀਲਾਂ ਦੀਆਂ ਝੋਲੀਆਂ ਭਰੀਆਂ ਜਾ ਰਹੀਆ ਹਨ ਆਪਣੀਆਂ ਦਾੜ੍ਹੀਆਂ ਵਕੀਲਾਂ ਅਤੇ ਜੱਜਾਂ ਦੇ ਹਥਾਂ ਵਿਚ ਫੜਾ ਕੇ ਆਖਦੇ ਹਾਂ ਝੱਟਕਾ ਜ਼ਰਾ ਆਹਿਸਤਾ ਮਾਰਨਾ। ਮੋੜ ਪੈਣ ਦੀ ਕੋਈ ਆਸ ਹੀ ਨਜ਼ਰ ਨਹੀਂ ਆਉਂਦੀ। ਆਪਣੀ ਇਸ ਖਿਚੋ ਤਾਣ ਦਾ ਦੋਸ਼ ਅਸੀਂ ਦੂਸਰਿਆਂ ਸਿਰ ਮੜ੍ਹ ਦਿੰਦੇ ਹਾਂ। ਸਾਨੂੰ ਨਾ ਤਾਂ ਕਾਂਗਰਸ ਤੋਂ ਕੋਈ ਖਤਰਾ ਹੈ ਨਾ ਹੀ ਜਨ ਸੰਘ ਸਾਡਾ ਕੁਝ ਵਿਗਾੜ ਸਕਦਾ ਹੈ ਦਰਅਸਲ ਪੈਸਾ ਖੋਟਾ ਆਪਣਾ ਬਾਣੀਏ ਨੂੰ ਕੀ ਦੋਸ ਵਾਲੀ ਗੱਲ ਬਣ ਚੁਕੀ ਹੈ ਜਿਸ ਬਾਰੇ ਵਿਚਾਰ ਕਰਨ ਦੀ ਲੋੜ ਹੈ।

84 ਦੇ ਦੰਗਿਆਂ ਵਿਚ ਦਿਲੀ ਕਾਨਪੁਰ ਅਤੇ ਹੋਰ ਕਈ ਸ਼ਹਿਰਾਂ ਵਿਚ ਸ਼ਰਮਨਾਕ ਤਾਂਡਵਨਾਚ ਦੇ ਦੋਸ਼ੀ ਰਾਜ ਭਾਗ ਦੀਆਂ ਕੁਰਸੀਆਂ ਦਾ ਅਨੰਦ ਮਾਣ ਰਹੇ ਹਨ ਜਦ ਕਿ ਚੋਥਾ ਹਿਸਾ ਸਦੀ ਬੀਤ ਜਾਣ ਤੇ ਵੀ ਮਜ਼ਲੂਮਾਂ ਦੀ ਕੋਈ ਸੁਣਵਾਈ ਨਹੀਂ। ਪੰਜਾਬ ਦੀ ਜੁਆਨੀ ਜੇਹਲ ਦੀਆਂ ਕਾਲ ਕੋਠੜੀਆਂ ਵਿਚ ਡੱਕੀ ਬਗੀ ( ਬਾਲ ਚਿੱਟੇ ਹੋ ਜਾਣੇ ) ਹੋ ਗਈ ਹੈ। ਕਿਸੇ ਪਾਸੇ ਵੀ ਕੋਈ ਸੁਣਵਾਈ ਨਹੀਂ। ਮਨੂੰ ਸਿਮਰਤੀ ਵਿਚ ਜੋ ਦਲਤਾਂ ਨਾਲ ਸਲੂਕ ਕਰਨ ਲਈ ਦਰਜ ਹੈ ਅਜ ਸਿਖ ਕੌਮ ਨਾਲ ਉਹੀ ਕੁਝ ਹੋ ਰਿਹਾ ਹੈ। ਇਕਠੇ ਹੋਣ ਦੀ ਬਜਾਏ ਅਸੀਂ ਦਿਨ ਬਦਿਨ ਵੰਡੇ ਜਾ ਰਹੇ ਹਾਂ। ਗੁਰੂ ਬਾਬਾ ਨਾਨਕ ਦਾ ਆਦਰਸ਼ ' ਨੀਚਾਂ ਅੰਦਰ ਨੀਚ ਜ਼ਾਤ ਨੀਚੀ ਹੋਂ ਅਤ ਨੀਚ ' ਦੇ ਆਦਰਸ਼ ਨਾਲ ਸਾਡੀ ਜਨਸੰਖਿਆ ਵਿਚ ਵਾਧਾ ਹੁੰਦਾ ਹੈ ਪਰ ਅਜ ਸਾਡੇ ਆਪਸੀ ਵਿਉਹਾਰ ਕਾਰਨ ਦਲਿਤ ਭਾਈ ਚਾਰਾ ਸਾਥੋਂ ਦੂਰ ਹੁੰਦਾ ਜਾ ਰਿਹਾ ਹੈ। ਮਰਿਆਦਾ ਦਾ ਹਊਆ ਸਾਨੂੰ ਲੀਰੋ ਲੀਰ ਕਰੀ ਜਾ ਰਿਹਾ ਹੈ ਉਪਰੋਂ ਮੇਰੇ ਵੀਰ ਪੁਰੇਵਾਲ ਵਲੋਂ ਕੈਲੰਡਰ ਦਾ ਐਸਾ ਕਲੰਦਰ ਪੈਦਾ ਹੋਇਆ ਹੈ ਕਿ ਸਿਖ ਕੌਮ ਦੀ ਰਹਿੰਦੀ ਖੁਹਿੰਦੀ ਸਾਂਝ ਨੂੰ ਵੀ ਖੋਰਾ ਲਗ ਰਿਹਾ ਹੈ। ਪੰਜਾਬ ਦੀ ਜੁਆਨੀ ਪਰਦੇਸਾਂ ਵਲ ਨੂੰ ਭੱਜੀ ਜਾ ਰਹੀ ਹੈ। ਬਿਹਾਰ ਅਤੇ ਹੋਰ ਸੂਬਿਆਂ ਤੋਂ ਕਾਮੇ ਆ ਕੇ ਪੰਜਾਬ ਵਿਚ ਵਸ ਰਹੇ ਹਨ। ਪੰਜਾਬ ਵਿਚ ਹੀ ਪੰਜਾਬੀਆਂ ਨੂੰ ਅਕਲੀਅਤ ਹੋਣ ਲਈ ਜ਼ਿਆਦਾ ਸਮਾਂ ਨਹੀਂ ਲਗਣਾ।

ਹਰ ਯੁਗ ਦਾ ਆਪਣਾ ਹਥਿਆਰ ਹੁੰਦਾ ਹੈ। ਅਜ ਦੇ ਯੁਗ ਦਾ ਹਥਿਆਰ ਹੈ ਲੋਕ ਰਾਏ। ਨਾਂਹਰੇ ਮੁਜ਼ਾਹਰੇ ਚੱਕਾ ਜਾਮ ਘੇਰਾਓ ਇਹ ਸਭ ਕੁਝ ਲੋਕਾਈ ਦੀਆਂ ਤਕਲੀਫਾਂ ਵਿਚ ਵਾਧਾ ਕਰਦਾ ਹੈ। ਚੰਗੇ ਭਵਿਖ ਲਈ ਲੋਕਾਂ ਨੂੰ ਜਾਗਰੂਕ ਕਰਨਾ ਅਤ ਜ਼ਰੂਰੀ ਹੈ। ਭੁਕੀ ਅਤੇ ਨਸ਼ੇ ਤੇ ਭੁਗਤਣ ਵਾਲੀਆਂ ਵੋਟਾਂ ਨਾਲ ਕੋਈ ਤਬਦੀਲੀ ਨਹੀਂ ਆ ਸਕਦੀ। ਪਹਿਲਾ ਕਦਮ ਹੈ ਸਿਆਸਤ ਅਤੇ ਧਰਮ ਨੂੰ ਵਖਰਾ ਵਖਰਾ ਕੀਤਾ ਜਾਵੇ। ਦੂਸਰਾ ਦਲਤ ਭਾਈਚਾਰੇ ਨਾਲ ਜੋ ਇਖਤਲਾਫ ਹੈ ਉਹ ਗੱਲਬਾਤ ਨਾਲ ਦੂਰ ਕੀਤੇ ਜਾਣ। ਤੀਸਰਾ ਭਈਆ ਹੁਣ ਪੰਜਾਬ ਦਾ ਵਸਨੀਕ ਹੈ ਉਸ ਨਾਲ ਨਫਰਤ ਕਰਨ ਦੀ ਬਜਾਏ ਉਸਨੂੰ ਆਪਣੇ ਨਾਲ ਜੋੜੋ ਉਸ ਨੂੰ ਇਹ ਐਹਸਾਸ ਹੋ ਜਾਏ ਕਿ ਪੰਜਾਬ ਦੀ ਭਲਾਈ ਨਾਲ ਉਸਦੀ ਭਲਾਈ ਵੀ ਜੁੜੀ ਹੋਈ ਹੈ। ਦਿਖਾਵੇ ਦੀ ਸਿਖੀ ਤੇ ਜ਼ੋਰ ਦੇਣ ਦੀ ਬਜਾਏ ਹਰ ਸਿਖ ਗੁਰੂ ਮਹਾਰਾਜ ਵਲੋਂ ਦਰਸਾਈ ਸਾਂਝ ' ਮਾਨਵ ਕੀ ਜ਼ਾਤ ਸਭੈ ਏਕ ਹੀ ਪਹਿਚਾਨਵੋਂ' ਦਾ ਅਲਮਬਰਦਾਰ ਬਣੇਂ ਪੰਜਾਬ ਦਾ ਰਾਜ ਭਾਗ ਸਾਂਝੀਵਾਲਤਾ ਦੀ ਨੀਹਾਂ ਤੇ ਉਸਰੇ। ਬਸ ਉਹੀ ਖਾਲਸਤਾਨ ਹੈ। ਇਹ ਕੰਮ ਤਦ ਹੀ ਹੋ ਸਕਦਾ ਹੈ ਜੇ ਜੰਨਸਾਧਾਰਨ ਮੋਢੇ ਨਾਲ ਮੋਢਾ ਲਾ ਕੇ ਨਾਲ ਤੁਰੇਗਾ। ਨੇਕ ਇਰਾਦੇ ਵਾਲੇ ਮੰਜ਼ਲ ਤੇ ਪੁਜ ਹੀ ਜਾਂਦੇ ਨੇ।' ਇਰਾਦੇ ਨੇਕ ਹੋਂ ਤੋ ਮੰਜ਼ਲ ਚਲ ਕੇ ਆਤੀ ਹੈ ਸਮੁੰਦਰ ਰਾਹ ਦੇਤੇ ਹੈਂ ਚੱਟਾਨੇ ਥਰਥਰਾਤੀ ਹੈਂ '

# ਪੰਦਰਾਂ ਅਗਸਤ ਜਾਂ ਸੁਤੰਤਰਤਾ ਦਿਵਸ

**ਜਦ ਡੁੱਲ੍ਹਦਾ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।**
**ਰੰਬਿਆਂ ਨਾਲ ਖੋਪਰ ਲਹਿੰਦੇ ਤਾਂ ਤਦਬੀਰ ਬਦਲਦੀ ਕੌਮਾਂ ਦੀ॥**

15 ਅਗਸਤ ਦਾ ਦਿਨ ਸਾਰੇ ਭਾਰਤੀਆਂ ਲਈ ਵਿਸ਼ੇਸ਼ ਸਥਾਨ ਰੱਖਦਾ ਹੈ। ਇਸੇ ਦਿਨ ਸਮੇਂ ਦੀ ਕਦਰ ਕਰਨ ਭਾਰਤ ਦੇਸ਼ ਅਜ਼ਾਦ ਹੋਇਆ ਸੀ। ਇਹ ਅਜ਼ਾਦੀ ਸਾਨੂੰ ਲਹੂ ਦੀ ਹੋਲੀ ਖੇਡ ਕੇ ਮਿਲੀ ਹੈ। ਅਜ਼ਾਦੀ ਦਾ ਇਹ ਦਿਨ ਪੂਰੇ ਭਾਰਤ ਵਿੱਚ ਬੜੀ ਧੂਮ-ਧਾਮ ਤੇ ਖ਼ੁਸ਼ੀ ਨਾਲ ਮਨਾਇਆ ਜਾਂਦਾ ਹੈ।

ਗ਼ੁਲਾਮੀ ਵਿਰੁੱਧ ਭਾਰਤੀਆਂ ਦਾ ਘੋਲ : ਭਾਰਤ ਕਦੇ ਸੋਨੇ ਦੀ ਚਿੜੀ ਅਖਵਾਉਂਦਾ ਸੀ। ਅੰਗਰੇਜ਼ਾਂ ਨੇ ਇਸ ਨੂੰ ਖੂਬ ਲੁੱਟਿਆ ਤੇ ਸੌ ਸਾਲ ਤਕ ਗ਼ੁਲਾਮ ਰੱਖਿਆ। ਅਜ਼ਾਦੀ ਪ੍ਰਾਪਤ ਕਰਨ ਲਈ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਲਾਲਾ ਲਾਜਪਤ ਰਾਏ, ਹਰੀ ਕ੍ਰਿਸ਼ਨ, ਚੰਦਰ ਸ਼ੇਖਰ ਅਜ਼ਾਦ, ਸੁਖਦੇਵ, ਰਾਜਗੁਰੂ, ਮਹਾਤਮਾ ਗਾਂਧੀ, ਸਰਦਾਰ ਪਟੇਲ, ਪੰਡਤ ਜਵਾਹਰ ਲਾਲ ਨਹਿਰੂ ਨੇ ਅੰਗਰੇਜ਼ਾਂ ਵਿਰੁੱਧ ਘੋਲ ਕੀਤਾ। ਅਜ਼ਾਦੀ ਦੀ ਲੜਾਈ ਵਿੱਚ ਕਈ ਦੇਸ਼ ਭਗਤ ਸ਼ਹੀਦ ਹੋ ਗਏ। ਕਈਆਂ ਨੇ ਅਕਹਿ ਤੇ ਅਸਹਿ ਕਸ਼ਟ ਸਹਿਣ ਕੀਤੇ ਤਾਂ ਜਾ ਕੇ ਸਾਨੂੰ ਅਜ਼ਾਦੀ ਨਸੀਬ ਹੋਈ।




15 ਅਗਸਤ ਦਾ ਸਮਾਗਮ : 15 ਅਗਸਤ ਦਾ ਦਿਨ ਭਾਰਤੀ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਂਦੇ ਹਨ। ਇਸ ਤੋਂ ਪਹਿਲਾਂ ਰਾਜਘਾਟ, ਸ਼ਕਤੀ ਸਥਲ, ਵਿਜੈ ਘਾਟ 'ਤੇ ਮਹਾਨ ਨੇਤਾਵਾਂ ਦੀਆਂ ਸਮਾਧੀਆਂ ਤੇ ਸ਼ਰਧਾਂਜਲੀਆਂ ਵਜੋਂ ਫੁੱਲ ਮਾਲਾਵਾਂ ਭੇਟ ਕੀਤੀਆਂ ਜਾਂਦੀਆਂ ਹਨ। ਫਿਰ ਕੌਮੀ ਗੀਤ ਗਾਏ ਜਾਂਦੇ ਹਨ। ਕਈ ਝਾਕੀਆਂ ਵਿਖਾਈਆਂ ਜਾਂਦੀਆਂ ਹਨ ਅਤੇ ਪਰੇਡ ਵੀ ਕੀਤੀ ਜਾਂਦੀ ਹੈ। ਇਸਦਾ ਸਿੱਧਾ ਪ੍ਰਸਾਰਨ ਟੀ.ਵੀ. ਅਤੇ ਰੇਡੀਓ 'ਤੇ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸਮੁੱਚੇ ਦੇਸ਼-ਵਾਸੀ 15 ਅਗਸਤ ਨੂੰ ਇੱਕ ਮਹਾਨ ਤੇ ਪਵਿੱਤਰ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਨ।

ਦੇਸ਼ ਦੇ ਪ੍ਰਤੀ ਸਾਡੇ ਕਰਤੱਵ : ਅਸੀਂ ਹਰ ਸਾਲ 15 ਅਗਸਤ ਨੂੰ ਆਪਣੀ ਅਜ਼ਾਦੀ ਤੇ ਮਹਾਨ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਾਂ, ਪਰ ਅਜ਼ਾਦੀ ਦੇ ਕਈ ਦਹਾਕੇ ਬੀਤ ਜਾਣ ਮਗਰੋਂ ਵੀ ਸਾਨੂੰ ਆਪਣੇ ਦੇਸ਼ ਨੂੰ ਅਜੇ ਤੱਕ ਭੁੱਖ-ਨੰਗ, ਕੰਗਾਲੀ, ਭ੍ਰਿਸ਼ਟਾਚਾਰ, ਚੋਰ-ਬਜ਼ਾਰੀ, ਬੇਰੁਜ਼ਗਾਰੀ, ਰਾਜਸੀ ਕੂਟਲ-ਨੀਤੀ, ਫ਼ਿਰਕਾਪ੍ਰਸਤੀ, ਨੈਤਿਕ ਗਿਰਾਵਟ ਤੇ ਪਛੜੇਵੇਂ ਵਿੱਚ ਫਸਿਆ ਵੇਖ ਕੇ ਬੜਾ ਦੁੱਖ ਹੁੰਦਾ ਹੈ। ਸਾਨੂੰ ਇਨ੍ਹਾਂ ਬੁਰਾਈਆਂ ਵਿਰੁੱਧ ਡਟ ਜਾਣਾ ਚਾਹੀਦਾ ਹੈ ਤੇ ਇਨ੍ਹਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਸਿਰਲੱਥ ਸੂਰਮਿਆਂ ਦੇ ਸੁਫਨਿਆਂ ਦਾ ਭਾਰਤ ਉਸਾਰਨ ਲਈ ਰਾਤ ਦਿਨ ਇੱਕ ਕਰੀਏ ਜਿਨ੍ਹਾਂ ਨੇ ਅਜ਼ਾਦੀ ਕਾਰਨ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

15 ਅਗਸਤ ਦਾ ਸੰਦੇਸ਼ : ਸੁਤੰਤਰਤਾ ਇੱਕ ਵੱਡਮੁੱਲੀ ਵਸਤੂ ਹੈ। 15 ਅਗਸਤ ਦਾ ਦਿਨ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਜਿਸ ਤਰ੍ਹਾਂ ਦੇਸ਼ ਭਗਤਾਂ ਨੇ ਦੇਸ਼ ਅਜ਼ਾਦ ਕਰਾਉਣ ਲਈ ਕੁਰਬਾਨੀਆਂ ਦਿੱਤੀਆਂ, ਇਸੇ ਤਰ੍ਹਾਂ ਸਾਨੂੰ ਵੀ ਦੇਸ਼ ਦੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਆਪਣਾ ਤਨ, ਮਨ, ਧਨ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਸਾਰ-ਅੰਸ਼ : ਅਜ਼ਾਦੀ ਬਹੁਮੁੱਲੀ ਹੈ। ਇਸਨੂੰ ਹਮੇਸ਼ਾ ਬਰਕਰਾਰ ਰੱਖਣਾ ਚਾਹੀਦਾ ਹੈ। ਦੇਸ-ਭਗਤਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਸਾਨੂੰ ਆਪਣੇ ਦੇਸ ਦੇ ਕਲਿਆਣ ਅਤੇ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ ਆਪਣਾ ਤਨ-ਮਨ-ਧਨ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

## ਆਜ਼ਾਦੀ ਦਿਵਸ




**ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ,**
**ਇਸ ਦਿਨ ਹੋਇਆ ਆਜ਼ਾਦ ਸੀ ਸਾਡਾ ਹਿੰਦੁਸਤਾਨ।**
**ਭਾਰਤ ਚਿੜੀ ਸੋਨੇ ਦੀ ਗੋਰਿਆਂ ਦਿੱਤੀ ਮਧੋਲ,**
**ਦਿੱਤਾ ਲੋਕਾਂ ਦੀ ਇੱਜ਼ਤ ਨੂੰ ਮਿੱਟੀ ਦੇ ਵਿਚ ਰੋਲ।**
**ਕੀਤੇ ਜ਼ੁਲਮ ਮਜ਼ਲੂਮਾਂ 'ਤੇ ਭੁੱਲ ਗਏ ਭਗਵਾਨ,**
**ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।**
**ਹਜ਼ਾਰਾਂ ਸ਼ਹੀਦੀ ਪਾ ਗਏ ਭਾਰਤ ਮਾਂ ਦੇ ਵੀਰ,**
**ਸੂਰਬੀਰਾਂ ਨੇ ਦੇਸ਼ ਦੀ ਬਦਲ ਦਿੱਤੀ ਤਕਦੀਰ।**
**ਰਾਜਗੁਰੂ, ਸੁਖਦੇਵ, ਭਗਤ ਸਿੰਘ ਹੱਸ ਕੇ ਵਾਰੀ ਜਾਨ,**
**ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।**
**ਕਰਤਾਰ ਸਰਾਭਾ, ਊਧਮ ਸਿੰਘ ਬਣੇ ਅੰਬਰ ਦੇ ਤਾਰੇ,**
**ਗਦਰੀ ਬਾਬੇ ਸਦਾ ਲਈ ਹੋ ਗਏ ਅਮਰ ਨੇ ਸਾਰੇ।**
**ਨਹਿਰੂ, ਗਾਂਧੀ, ਗੋਖਲੇ ਪਾਇਆ ਸੀ ਯੋਗਦਾਨ,**
**ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।**
**ਵੰਡੀਆਂ ਪਾ ਕੇ ਦੇਸ਼ ਦੀ ਕਰੀਏ ਨਾ ਬਰਬਾਦੀ,**
**ਰੂਹ ਯੋਧਿਆਂ ਦੀ ਕਹਿ ਰਹੀ, ਰੱਖੋ ਕਾਇਮ ਆਜ਼ਾਦੀ।**
**'ਡਾਲਵੀ' ਜੱਗ ਵਿਚ ਭਾਰਤ ਦੀ ਕਰੀਏ ਉੱਚੀ ਸ਼ਾਨ,**
**ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।**

**-ਬਹਾਦਰ ਡਾਲਵੀ**



# ਡਲਹੌਜ਼ੀ ਤੇ ਬਰੋਟ ਦੀਆਂ ਵਾਦੀਆਂ ਦੇ ਨਜ਼ਾਰੇ

ਗਗਨਦੀਪ ਸਿੰਘ ਗੁਰਾਇਆ

9781500050

ਜੇਠ ਹਾੜ੍ਹ ਦੀਆਂ ਤਿੱਖੜ ਧੁੱਪਾਂ ਦਾ ਸਤਾਇਆ ਮਨ ਪਹਾੜਾਂ ਦੀ ਠੰਢ ਮਾਣਨ ਨੂੰ ਲੋਚਦਾ ਹੈ। ਉੱਤਰੀ ਭਾਰਤ ਵਾਸਤੇ ਹਿਮਾਚਲ ਦੀਆਂ ਵਾਦੀਆਂ ਅਤੇ ਪਹਾੜਾਂ ਵਿਚ ਵਗਦੀਆਂ ਠੰਢੀਆਂ ਹਵਾਵਾਂ ਮਨ ਨੂੰ ਸਕੂਨ ਦਿੰਦੀਆਂ ਹਨ। ਹਿਮਾਚਲ ਦਾ ਅੱਖਰੀ ਅਰਥ ਹੀ ਬਰਫ਼ ਦਾ ਘਰ ਹੈ। ਕੁਝ ਦਿਨਾਂ ਵਾਸਤੇ ਪਹਾੜਾਂ ਦੇ ਸ਼ਾਂਤ ਅਤੇ ਠੰਢੇ ਮਾਹੌਲ ਵਿਚ ਜਾਣ ਵਾਸਤੇ ਹਰ ਕੋਈ ਤਿਆਰ ਰਹਿੰਦਾ ਹੈ।

ਹਿਮਾਚਲ ਪ੍ਰਦੇਸ਼ ਵਿਚ ਡਲਹੌਜ਼ੀ ਬਹੁਤ ਸੋਹਣੀ ਅਤੇ ਠੰਢੀ ਥਾਂ ਹੈ। ਇਸ ਨੂੰ ਲਾਰਡ ਡਲਹੌਜ਼ੀ ਨੇ ਵਸਾਇਆ ਸੀ। ਇਸ ਕਰਕੇ ਹੀ ਇਸ ਦਾ ਨਾਂ ਡਲਹੌਜ਼ੀ ਪਿਆ। ਪਠਾਨਕੋਟ ਤੋਂ ਲਗਪਗ 75 ਕਿਲੋਮੀਟਰ ਦੀ ਦੂਰੀ 'ਤੇ ਡਲਹੌਜ਼ੀ ਸਥਿਤ ਹੈ। ਪੰਜਾਬ ਦੇ ਕੇਵਲ ਦੋ ਜ਼ਿਲ੍ਹੇ ਗੁਰਦਾਸਪੁਰ ਅਤੇ ਪਠਾਨਕੋਟ ਹੀ ਹਨ ਜਿਨ੍ਹਾਂ ਵਿਚ ਪਹਾੜੀ ਇਲਾਕਾ ਆਉਂਦਾ ਹੈ। ਪਠਾਨਕੋਟ ਤੋਂ ਲਗਪਗ 40 ਕਿਲੋਮੀਟਰ ਦਾ ਸਫ਼ਰ ਪਹਾੜੀ ਹੈ ਜੋ ਪੰਜਾਬ ਵਿਚ ਪੈਂਦਾ ਹੈ। ਜਿਵੇਂ-ਜਿਵੇਂ ਡਲਹੌਜ਼ੀ ਵੱਲ ਵਧਦੇ ਹਾਂ ਤਾਂ ਹਵਾ ਵਿਚ ਠੰਢਕ ਮਹਿਸੂਸ ਹੁੰਦੀ ਹੈ। ਡਲਹੌਜ਼ੀ ਤੋਂ ਸੱਤ ਕਿਲੋਮੀਟਰ ਪਹਿਲਾਂ ਇਕ ਨਿੱਕਾ ਜਿਹਾ ਕਸਬਾ ਬਨੀਖੇਤ ਹੈ, ਇੱਥੋਂ ਹੀ ਡਲਹੌਜ਼ੀ ਸ਼ੁਰੂ ਹੋ ਜਾਂਦਾ ਹੈ। ਡਲਹੌਜ਼ੀ ਦੀ ਸਮੁੰਦਰ ਤਲ ਤੋਂ ਉਚਾਈ ਲਗਪਗ 2036 ਮੀਟਰ ਹੈ। ਇੱਥੇ ਸਰਦੀਆਂ ਵਿਚ ਕਾਫੀ ਬਰਫ਼ਬਾਰੀ ਹੋ ਜਾਂਦੀ ਹੈ।

ਲੱਕੜ ਮੰਡੀ ਦਾ ਇਲਾਕਾ ਤਾਂ ਚਿੱਟੀ ਚਾਦਰ ਵਾਂਗ ਹੀ ਢਕਿਆ ਜਾਂਦਾ ਹੈ। ਇੱਥੇ ਹੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਉੱਘੇ ਆਜ਼ਾਦੀ ਘੁਲਾਟੀਏ ਸਰਦਾਰ ਅਜੀਤ ਸਿੰਘ ਦੀ ਸਮਾਧ ਹੈ। ਬਾਜ਼ਾਰ ਵਿਚ ਜ਼ਿਆਦਾ ਰੌਣਕ ਵਾਲੇ ਇਲਾਕੇ ਗਾਂਧੀ ਚੌਕ ਅਤੇ ਸੁਭਾਸ਼ ਚੌਕ ਹਨ। ਮਾਲ ਰੋਡ ਦੇ ਸੱਜੇ ਅਤੇ ਖੱਬੇ ਪਾਸੇ ਦੋ ਸੜਕਾਂ ਹਨ, ਜਿਨ੍ਹਾਂ ਨੂੰ ਠੰਢੀ ਸੜਕ ਅਤੇ ਗਰਮ ਸੜਕ ਕਿਹਾ ਜਾਂਦਾ ਹੈ, ਜੋ ਗਾਂਧੀ ਚੌਕ ਅਤੇ ਸੁਭਾਸ਼ ਚੌਕ ਨੂੰ ਜੋੜਦੀਆਂ ਹਨ। ਲੱਕੜ ਮੰਡੀ ਤੋਂ ਹੀ ਕਾਲਾ ਟੋਪ ਜੋ ਕਿ ਵਾਈਲਡ ਲਾਈਫ ਸੈਂਚੁਰੀ ਹੈ, ਨੂੰ ਰਸਤਾ ਜਾਂਦਾ ਹੈ। ਇਸ ਤੋਂ ਇਲਾਵਾ ਰੌਕ ਗਾਰਡਨ, ਪੰਜ ਪੁਲਾ, ਸੱਤ ਧਾਰਾ, ਸੁਭਾਸ਼ ਬਾਉਲੀ, ਡਲਹੌਜ਼ੀ ਪਬਲਿਕ ਸਕੂਲ ਅਤੇ ਡਾਇਣ ਕੁੰਡ ਆਦਿ ਵੇਖਣਯੋਗ ਥਾਵਾਂ ਹਨ। ਦਾਇਨ ਕੁੰਡ ਪੀਕ ਬਹੁਤ ਉੱਚੀ ਜਗ੍ਹਾ 2745 ਮੀਟਰ 'ਤੇ ਸਥਿਤ ਹੈ। ਡਗਸ਼ਾਈ ਵਿਚ ਰਹਿਣ ਲਈ ਬਹੁਤ ਸਾਰੇ ਹੋਟਲ ਅਤੇ ਯੂਥ ਹੋਸਟਲ ਹੈ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰੈਸਟ ਹਾਊਸ ਵੀ ਹਨ। ਅੱਜ ਤੋਂ ਕੁਝ ਵਰ੍ਹੇ ਪਹਿਲਾਂ ਡਲਹੌਜ਼ੀ ਬਹੁਤ ਸਸਤਾ ਅਤੇ ਸ਼ਾਂਤ ਮਾਹੌਲ ਸੀ ਪਰ ਹੁਣ ਉੱਥੇ ਵੀ ਬਹੁਤ ਭੀੜ ਭੜੱਕਾ ਹੋ ਗਿਆ ਹੈ।

ਡਲਹੌਜ਼ੀ ਤੋਂ ਲਗਪਗ 22 ਕਿਲੋਮੀਟਰ ਦੀ ਵਿੱਥ 'ਤੇ ਖਜਿਆਰ ਪੈਂਦਾ ਹੈ, ਜਿਸ ਨੂੰ ਕਿ ਭਾਰਤ ਦਾ ਮਿੰਨੀ ਸਵਿਟਜ਼ਰਲੈਂਡ ਵੀ ਕਿਹਾ ਜਾਂਦਾ ਹੈ। ਇਸ ਦੀ ਸਮੁੰਦਰ ਤਲ ਤੋਂ ਉਚਾਈ 1951 ਮੀਟਰ ਹੈ। ਪਹਾੜਾਂ ਦੇ ਵਿਚਾਲੇ ਕਈ ਏਕੜਾਂ ਵਿਚ ਫੈਲਿਆ ਹੋਇਆ ਹਰਿਆ ਭਰਿਆ ਘਾਹ ਦਾ ਮੈਦਾਨ ਜਾਣੋ ਮਨ ਨੂੰ ਸ਼ਾਂਤ ਕਰ ਦਿੰਦਾ ਹੈ। ਇਸ ਨੂੰ ਚਾਰ ਚੁਫੇਰਿਓਂ ਦੇਵਦਾਰ ਤੇ ਚੀਲ ਦੇ ਲੰਬੇ ਸੰਘਣੇ ਦਰੱਖ਼ਤਾਂ ਨੇ ਘੇਰਿਆ ਹੋਇਆ ਹੈ, ਜਿਨ੍ਹਾਂ ਵਿੱਚੋਂ ਸੂਰਜ ਦੀ ਰੋਸ਼ਨੀ ਵੀ ਪੁਣ ਕੇ ਆਉਂਦੀ ਹੈ। ਕਦੇ ਧੁੱਪ ਅਤੇ ਫੇਰ ਬੱਦਲਾਂ ਦੀ ਛਾਂ ਹੋ ਜਾਂਦੀ ਹੈ। ਪੈਂਦੀਆਂ ਕਣੀਆਂ ਵਿਚ ਇੱਥੇ ਘੁੰਮਣ ਦਾ ਆਪਣਾ ਹੀ ਵੱਖਰਾ ਨਜ਼ਾਰਾ ਹੈ, ਜਿਸ ਨੂੰ ਲਫ਼ਜ਼ਾਂ ਵਿਚ ਬਿਆਨ ਕਰਨਾ ਅਸੰਭਵ ਹੈ। 'ਕੁਛ ਕੁਛ ਹੋਤਾ ਹੈ' ਅਤੇ ਹੋਰ ਬਹੁਤ ਸਾਰੀਆਂ ਬਾਲੀਵੁੱਡ ਫਿਲਮਾਂ ਦੀ ਇੱਥੇ ਸ਼ੂਟਿੰਗ ਹੁੰਦੀ ਹੀ ਰਹਿੰਦੀ ਹੈ। ਖਜਿਆਰ ਦਾ ਜ਼ਿਲ੍ਹਾ ਵੀ ਚੰਬਾ ਹੀ ਹੈ ਜੋ ਕਿ ਡਲਹੌਜ਼ੀ ਤੋਂ ਲਗਪਗ 50 ਕਿਲੋਮੀਟਰ ਦੀ ਦੂਰੀ 'ਤੇ ਹੈ।

ਖਜਿਆਰ ਤੋਂ 19 ਕਿਲੋਮੀਟਰ ਦੂਰ 'ਜੋਤ' ਨਾਮਕ ਕਸਬਾ ਹੈ ਜਿਸਦੀ ਉੱਚਾਈ 2650 ਮੀਟਰ ਹੈ। ਇੰਨੀ ਉੱਚਾਈ ਹੋਣ ਕਰਕੇ ਇੱਥੇ ਸਾਰਾ ਸਾਲ ਠੰਢ ਰਹਿੰਦੀ ਹੈ ਅਤੇ ਯੱਖ ਸੀਤ ਹਵਾਵਾਂ ਤੇਜ਼ ਚੱਲਣ ਕਰਕੇ ਜੂਨ ਜੁਲਾਈ ਦੇ ਮੌਸਮ ਵਿਚ ਵੀ ਗਰਮ ਕੱਪੜੇ ਪਾਉਣੇ ਪੈਂਦੇ ਹਨ। ਇੱਥੇ ਰਹਿਣ ਦਾ ਕੋਈ ਜ਼ਿਆਦਾ ਇੰਤਜ਼ਾਮ ਨਹੀਂ ਹੈ ਬਸ ਕੁਝ ਕੁ ਢਾਬੇ ਹਨ। ਹਰੇ ਕਚੂਰ ਪਹਾੜਾਂ ਉੱਤੇ ਟਰੈਕਿੰਗ ਕਰਨ ਦਾ ਵੱਖਰਾ ਜਿਹਾ ਹੀ ਆਨੰਦ ਹੈ। ਉੱਪਰ ਗੁੱਜਰਾਂ ਦੇ ਕੁਝ ਕੱਚੇ ਘਰ ਬਣੇ ਹੋਏ ਹਨ, ਜਿਨ੍ਹਾਂ ਵਿਚ ਗ਼ਦਰ ਫਿਲਮ ਦੀ ਸ਼ੂਟਿੰਗ ਹੋਈ ਸੀ। ਗੁੱਜਰਾਂ ਨੇ ਮੱਝਾਂ ਰੱਖੀਆਂ ਹੋਈਆਂ ਹਨ ਅਤੇ ਮੁੱਖ ਕਿੱਤਾ ਦੁੱਧ ਦਾ ਹੈ। ਮਿਹਨਤੀ ਅਤੇ ਨਿੱਘੇ ਸੁਭਾਅ ਦੇ ਇਹ ਲੋਕ ਸੈਲਾਨੀਆਂ ਦੀ ਸੇਵਾ ਕਰ ਕੇ ਖ਼ੁਸ਼ ਹੁੰਦੇ ਹਨ। ਸਰਦੀਆਂ ਵਿਚ ਜਦੋਂ ਇੱਥੇ ਬਰਫ਼ ਪੈ ਜਾਂਦੀ ਹੈ ਤਾਂ ਇਹ ਲੋਕ ਥੱਲੇ ਪਠਾਨਕੋਟ ਚਲੇ ਜਾਂਦੇ ਹਨ।

ਜੋਤ ਤੋਂ ਲਾਹੜੂ, ਸ਼ਾਹਪੁਰ ਅਤੇ ਗੱਗਲ ਹੁੰਦੇ ਹੋਏ ਧਰਮਸ਼ਾਲਾ ਪੁੱਜਿਆ ਜਾ ਸਕਦਾ ਹੈ ਜੋ ਕਿ ਜੋਤ ਤੋਂ ਲਗਪਗ ਸੌ ਕਿਲੋਮੀਟਰ ਦੂਰ ਹੈ। ਧਰਮਸ਼ਾਲਾ ਦੀ ਉੱਚਾਈ 1387 ਮੀਟਰ ਹੈ। ਧਰਮਸ਼ਾਲਾ ਕਾਂਗੜੇ ਜ਼ਿਲ੍ਹੇ ਵਿਚ ਪੈਂਦਾ ਹੈ। 9 ਕਿਲੋਮੀਟਰ ਦੀ ਵਿੱਥ 'ਤੇ ਮੈਕਲੋਡਗੰਜ ਹੈ। ਇੱਥੇ ਤਿੱਬਤੀਆਂ ਦੇ ਰੂਹਾਨੀ ਆਗੂ ਦਲਾਈਲਾਮਾ ਦਾ ਹੈੱਡਕੁਆਰਟਰ ਹੈ। ਬਾਜ਼ਾਰ ਵਿਚ ਬਹੁਤ ਵਿਸ਼ਾਲ ਮੰਦਰ ਬਣਿਆ ਹੋਇਆ ਹੈ ਜਿੱਥੇ ਸਾਰੇ ਬੋਧੀ ਇਕੱਠੇ ਹੋ ਕੇ ਪੂਜਾ ਅਰਚਨਾ ਕਰਦੇ ਹਨ। ਮੈਕਲੋਡਗੰਜ ਦੀ ਉਚਾਈ 1770 ਮੀਟਰ ਹੈ। ਇੱਥੇ ਦਰੱਖ਼ਤਾਂ ਦੇ ਵਿਚਾਲੇ ਇਕ ਛੋਟੀ ਜਿਹੀ ਝੀਲ ਬਣੀ ਹੈ ਜਿਸ ਨੂੰ ਡੱਲ ਲੇਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਹੁਤ ਵੱਡੇ ਖੇਤਰ ਵਿਚ ਆਰਮੀ ਦੀ ਕੰਟੋਨਮੈਂਟ ਹੈ। ਭਗਸੂਨਾਗ ਵਾਟਰ ਫਾਲ ਹੈ ਜਿੱਥੇ ਜਾ ਕੇ ਸੈਲਾਨੀ ਨਹਾਉਂਦੇ ਹਨ ਅਤੇ ਝਰਨੇ ਵਿਚ ਅਠਖੇਲੀਆਂ ਕਰਦੇ ਹਨ। ਮੈਕਲੋਡਗੰਜ ਤੋਂ ਤਿੰਨ ਚਾਰ ਕਿਲੋਮੀਟਰ ਦੀ ਵਿੱਥ 'ਤੇ ਨੱਡੀ ਨਾਮਕ ਕਸਬਾ ਹੈ ਇੱਥੇ ਇਕ ਸਨ ਪੁਆਇੰਟ ਹੈ ਜਿੱਥੇ ਸਵੇਰ ਵੇਲੇ ਸੂਰਜ ਚੜ੍ਹਨ ਦਾ ਨਜ਼ਾਰਾ ਤੱਕਿਆ ਜਾ ਸਕਦਾ ਹੈ। ਮਿੱਠੀ-ਮਿੱਠੀ ਜਿਹੀ ਠੰਢ ਮਾਣੋ ਪੋਹ ਮਾਘ ਦੀਆਂ ਧੁੰਦਾਂ ਅਤੇ ਕੰਬਣੀ ਦਾ ਅਹਿਸਾਸ ਕਰਵਾਉਂਦੀ ਹੈ। ਕੁਦਰਤ ਦੀ ਗੋਦ ਵਿਚ ਇਕ ਮੈਡੀਟੇਸ਼ਨ ਸੈਂਟਰ ਹੈ ਜਿੱਥੇ ਕਿ ਭਰਪੂਰ ਸ਼ਾਂਤੀ ਹੈ ਅਤੇ ਕੁਦਰਤ ਨਾਲ ਇਕਮਿਕ ਹੋਣ ਦਾ ਅਹਿਸਾਸ ਹੁੰਦਾ ਹੈ। ਰਹਿਣ ਵਾਸਤੇ ਬਹੁਤ ਸਾਰੇ ਹੋਟਲ ਅਤੇ ਰਹਿਣ ਬਸੇਰੇ ਹਨ।



ਧਰਮਸ਼ਾਲਾ ਤੋਂ 16 ਕਿਲੋਮੀਟਰ ਦੀ ਦੂਰੀ 'ਤੇ ਪਾਲਮਪੁਰ ਜਾਂਦਿਆਂ ਰਸਤੇ ਵਿਚ ਚਮੁੰਡਾ ਦੇਵੀ ਮੰਦਿਰ ਹੈ। ਪਾਲਮਪੁਰ ਦੀ ਸਮੁੰਦਰ ਤਲ ਤੋਂ ਉਚਾਈ ਕੇਵਲ 1219 ਮੀਟਰ ਹੈ ਤੇ ਜ਼ਿਲ੍ਹਾ ਕਾਂਗੜਾ ਹੈ ਪਾਲਮਪੁਰ ਵੀ ਧਰਮਸ਼ਾਲਾ ਵਾਂਗ ਬਹੁਤ ਵੱਡਾ ਸ਼ਹਿਰ ਹੈ। ਬਾਜ਼ਾਰ ਵਿਚ ਹਰ ਵਸਤੂ ਉਪਲਬਧ ਹੈ। ਇੱਥੇ ਚਾਹ ਦੇ ਬਹੁਤ ਵੱਡੇ-ਵੱਡੇ ਬਾਗ਼ ਹਨ। ਚਾਹ ਦੇ ਸੁਗੰਧਿਤ ਬਾਗ਼ਾਂ ਵਿਚ ਅਲੌਕਿਕ ਦ੍ਰਿਸ਼ ਕੈਮਰਾਬੱਧ ਕਰਨ ਦਾ ਵੀ ਅਨੋਖਾ ਹੀ ਨਜ਼ਾਰਾ ਹੈ। ਇਹ ਇਕ ਤਰ੍ਹਾਂ ਦਾ ਨੀਮ ਪਹਾੜੀ ਖੇਤਰ ਹੈ। ਇੱਥੋਂ ਦੀਆਂ ਪਹਾੜੀਆਂ 'ਤੇ ਕਿਆਰੀਆਂ ਬਣਾ ਕੇ ਹਰ ਤਰ੍ਹਾਂ ਦੀ ਖੇਤੀ ਕੀਤੀ ਜਾਂਦੀ ਹੈ। ਸ਼ਹਿਰ ਵਿਚ ਪਾਲਮਪੁਰ ਕੋਆਪਰੇਟਿਵ ਚਾਹ ਦੀ ਫੈਕਟਰੀ ਹੈ ਜਿਸ ਵਿਚ ਪੱਤੀਆਂ ਨੂੰ ਸੁਕਾਉਣ ਤੋਂ ਲੈ ਕੇ ਚਾਹ ਤਿਆਰ ਹੋਣ ਤਕ ਸਾਰੀ ਪ੍ਰਕਿਰਿਆ ਨੂੰ ਦਿਖਾਇਆ ਜਾਂਦਾ ਹੈ। ਸੈਲਾਨੀ ਮਰਜ਼ੀ ਮੁਤਾਬਿਕ ਚਾਹ ਖ਼ਰੀਦ ਵੀ ਸਕਦੇ ਹਨ। ਪਾਲਮਪੁਰ ਤੋਂ 14 ਕਿਲੋਮੀਟਰ ਦੂਰ ਅੰਧਰੇਟੇ ਵਿਚ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਯਾਦ ਵਿਚ ਆਰਟ ਗੈਲਰੀ ਬਣੀ ਹੋਈ ਹੈ। ਇੱਥੇ ਸੋਭਾ ਸਿੰਘ ਨੇ ਜ਼ਿੰਦਗੀ ਦੇ ਕਈ ਸਾਲ ਗੁਜ਼ਾਰੇ। ਉਨ੍ਹਾਂ ਨਾਲ ਸਬੰਧਤ ਵਸਤੂਆਂ ਅੱਜ ਵੀ ਅਜਾਇਬ ਘਰ ਵਿਚ ਮੌਜੂਦ ਹਨ। ਪੰਜਾਬੀ ਨਾਟਕ ਦੀ ਮਸ਼ਹੂਰ ਸ਼ਖ਼ਸੀਅਤ ਨੌਰਾ ਰਿਚਰਡਜ਼ ਨੇ ਵੀ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਅੰਧਰੇਟੇ ਦੀਆਂ ਖ਼ੂਬਸੂਰਤ ਵਾਦੀਆਂ ਵਿਚ ਗੁਜ਼ਾਰਿਆ। ਇੱਥੇ ਉਨ੍ਹਾਂ ਦੀ ਯਾਦਗਾਰ ਵੀ ਬਣੀ ਹੋਈ ਹੈ।

ਪਾਲਮਪੁਰ ਤੋਂ ਬੈਜਨਾਥ ਹੁੰਦੇ ਹੋਏ ਬੀੜ ਬਿਲਿੰਗ ਨਾਂ ਦੀ ਬਹੁਤ ਹੀ ਸੋਹਣੀ ਜਗ੍ਹਾ ਆਉਂਦੀ ਹੈ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ। ਭਾਵੇਂ ਕਿ ਬੀੜ ਅਤੇ ਬਿਲਿੰਗ ਦਾ ਆਪਸ ਵਿਚ ਫ਼ੈਸਲਾ 14 ਕਿਲੋਮੀਟਰ ਦਾ ਹੈ, ਪਰ ਏਸ਼ੀਆ ਦਾ ਮਸ਼ਹੂਰ ਪੈਰਾਗਲਾਈਡਿੰਗ ਪੁਆਇੰਟ ਇੱਥੇ ਹੋਣ ਕਰਕੇ ਇਸ ਨੂੰ ਇਕੱਠਾ ਬੀੜ ਬਿਲਿੰਗ ਹੀ ਕਿਹਾ ਜਾਂਦਾ ਹੈ ਬਲਿੰਗ ਵਿਚ ਰਹਿਣ ਵਾਸਤੇ ਟੈਂਟਾਂ ਦਾ ਪ੍ਰਬੰਧ ਹੈ। ਟੈਂਟਾਂ ਵਿਚ ਰਹਿਣ ਦਾ ਵੀ ਵੱਖਰਾ ਹੀ ਸੁਆਦ ਹੈ। ਭਾਰਤ ਦੇ ਹਰ ਖਿੱਤੇ ਵਿੱਚੋਂ ਲੋਕ ਇੱਥੇ ਪੈਰਾਗਲਾਈਡਿੰਗ ਕਰਨ ਆਉਂਦੇ ਹਨ। 2015 ਦੇ ਵਿਸ਼ਵ ਪੈਰਾ ਗਲਾਈਡਿੰਗ ਮੁਕਾਬਲੇ ਇੱਥੇ ਹੀ ਹੋਏ ਸਨ। ਪੈਰਾਗਲਾਈਡਿੰਗ ਵਾਸਤੇ ਬੀੜ ਬਿਲਿੰਗ ਸੰਸਾਰ ਦਾ ਦੂਜਾ ਸਭ ਤੋਂ ਸੁਰੱਖਿਅਤ ਅਤੇ ਮਨੋਰੰਜਨ ਭਰਪੂਰ ਸਥਾਨ ਹੈ।

ਬੀੜ ਬਿਲਿੰਗ ਤੋਂ ਬਰੋਟ ਜਾਂਦੇ ਹੋਏ ਰਸਤੇ ਵਿਚ ਜੋਗਿੰਦਰ ਨਗਰ ਸ਼ਹਿਰ ਆਉਂਦਾ ਹੈ, ਜਿੱਥੇ ਕਿ ਸ਼ਾਨਨ ਪਾਵਰ ਹਾਊਸ ਦੇਖਣਯੋਗ ਸਥਾਨ ਹੈ। ਹਿਮਾਲਾ ਪਰਬਤ ਦੀਆਂ ਧੌਲਾਧਾਰ ਪਹਾੜੀਆਂ ਵਿਚ ਘਿਰਿਆ ਹੋਇਆ ਸਮੁੰਦਰੀ ਤਲ ਤੋਂ 1820 ਮੀਟਰ ਦੀ ਉੱਚਾਈ 'ਤੇ ਸਥਿਤ ਛੋਟਾ ਜਿਹਾ ਕਸਬਾ ਬਰੋਟ ਬਹੁਤ ਹੀ ਠੰਢੀ ਜਗ੍ਹਾ ਹੈ। ਇਸ ਨੂੰ ਜ਼ਿਲ੍ਹਾ ਮੰਡੀ ਪੈਂਦਾ ਹੈ ਜੋ ਕਿ 66 ਕਿਲੋਮੀਟਰ ਦੀ ਦੂਰੀ 'ਤੇ ਹੈ। ਮੰਡੀ ਤੋਂ ਹੀ ਕੁੱਲੂ ਮਨਾਲੀ ਅਤੇ ਮਣੀਕਰਨ ਪਹੁੰਚਿਆ ਜਾ ਸਕਦਾ ਹੈ। ਬਰੋਟ ਵਿੱਚੋਂ ਲੰਘਦਾ ਦਰਿਆ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ ਅਤੇ ਪਾਣੀ ਵਿੱਚੋਂ ਲੰਘ ਕੇ ਆਉਂਦੀ ਠੰਢੀ ਹਵਾ ਸਰੀਰ ਨੂੰ ਠੰਢਕ ਪ੍ਰਦਾਨ ਕਰਦੀ ਹੈ। ਦਰੱਖ਼ਤਾਂ ਦੀ ਛਾਵੇਂ ਵਲ ਵਲੇਵੇਂ ਖਾਂਦੀਆਂ ਸੜਕਾਂ ਸਫ਼ਰ ਨੂੰ ਹੋਰ ਵੀ ਰੋਮਾਂਚਕ ਬਣਾਉਂਦੀਆਂ ਹਨ। ਇੱਥੇ ਰਹਿਣ ਲਈ ਹੋਟਲ, ਹੋਮ ਸਟੇਅ ਅਤੇ ਟੈਂਟਾਂ ਦਾ ਵਧੀਆ ਪ੍ਰਬੰਧ ਹੈ। ਪਹਾੜੀ ਉੱਤੇ ਟ੍ਰੈਕਿੰਗ ਕਰਦੇ ਹੋਏ ਝਰਨੇ ਤਕ ਪਹੁੰਚਿਆ ਜਾ ਸਕਦਾ ਹੈ। ਝਰਨੇ ਥੱਲੇ ਨਹਾ ਕੇ ਸਰੀਰ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਮਨ ਆਨੰਦਿਤ ਮਹਿਸੂਸ ਕਰਦਾ ਹੈ। ਉਚਾਈ ਤੋਂ ਡਿੱਗਦਾ ਹੋਇਆ ਝਰਨੇ ਦਾ ਕਲ਼ ਕਲ਼ ਕਰਦਾ ਸਵੱਛ ਪਾਣੀ ਰੂਹ ਨੂੰ ਤਾਜ਼ਗੀ ਦਿੰਦਾ ਹੈ। ਇਸ ਤਰ੍ਹਾਂ ਪੰਜ ਸੱਤ ਦਿਨ ਦਾ ਇਹ ਅਨੋਖਾ ਅਤੇ ਠੰਢਾ ਸਫ਼ਰ ਤੁਹਾਡੀ ਜ਼ਿੰਦਗੀ ਵਿਚ ਇਕ ਹੋਰ ਨਾ ਭੁੱਲਣਯੋਗ ਯਾਦ ਜੋੜ ਦਿੰਦਾ ਹੈ। •

*ਸਮੁੰਦਰ ਤਲ ਤੋਂ ਲਗਪਗ 12 ਹਜ਼ਾਰ ਦੀ ਉਚਾਈ 'ਤੇ ਉੱਤਰਾਖੰਡ ਦੀ ਖ਼ੂਬਸੂਰਤ ਉਗਰਮ ਵਾਦੀ 'ਚ ਸਥਿਤ ਬੰਸੀਨਾਰਾਇਣ ਮੰਦਿਰ ਤਕ ਪਹੁੰਚਣ ਲਈ 12-13 ਕਿਲੋਮੀਟਰ ਦੀ ਟ੍ਰੈਕਿੰਗ ਕਰ ਕੇ ਪੈਦਲ ਹੀ ਜਾਣਾ ਪੈਂਦਾ...*

# ਸਾਲ 'ਚ ਸਿਰਫ਼ ਇਕ ਵਾਰ ਖੁੱਲ੍ਹਦਾ ਹੈ ਬੰਸੀਨਾਰਾਇਣ ਮੰਦਿਰ

• ਜੋਗੀ ਸਾਰਸਵਤ



ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਸਥਿਤ ਬੰਸੀਨਾਰਾਇਣ ਮੰਦਿਰ ਦੀ ਇਹੀ ਵਿਸ਼ੇਸ਼ਤਾ ਉਸ ਨੂੰ ਪ੍ਰਸਿੱਧ ਕਰਦੀ ਹੈ ਕਿ ਇਹ ਮੰਦਿਰ ਪੂਰੇ ਸਾਲ ਵਿਚ ਰੱਖੜੀ ਦੇ ਤਿਉਹਾਰ 'ਤੇ ਸਿਰਫ਼ ਇਕ ਦਿਨ ਲਈ ਹੀ ਖੁੱਲ੍ਹਦਾ ਹੈ ਅਤੇ ਉਸ ਦਿਨ ਹੀ ਪੂਜਾ-ਪਾਠ ਹੁੰਦਾ ਹੈ। ਹਾਲਾਂਕਿ ਸਾਡੇ ਜਿਹੇ ਕੁਝ ਟ੍ਰੈਕਰ ਜਦੋਂ ਇਥੇ ਜਾਂਦੇ ਹਨ ਤਾਂ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਮੰਦਿਰ ਦੇ ਕਿਵਾੜ ਖੋਲ੍ਹ ਕੇ ਅਗਰਬੱਤੀ ਜਲਾ ਕੇ ਇਸ ਪ੍ਰੰਪਰਾ ਨੂੰ ਤੋੜ ਵੀ ਦਿੰਦੇ ਹਨ।

ਪ੍ਰੰਪਰਾ ਅਨੁਸਾਰ ਇੱਥੋਂ ਦੇ ਪੁਜਾਰੀ ਰਾਜਪੂਤ ਹੁੰਦੇ ਹਨ, ਜੋ ਰੱਖੜੀ ਵਾਲੇ ਦਿਨ ਇਥੇ ਪੂਜਾ-ਪਾਠ ਕਰ ਕੇ ਵਿਧੀਪੂਰਵਕ ਮੰਦਿਰ ਦੇ ਕਿਵਾੜ ਖੋਲ੍ਹਦੇ ਹਨ। ਲਗਪਗ ਦਸ ਫੁੱਟ ਉੱਚੇ ਮੰਦਿਰ 'ਚ ਭਗਵਾਨ ਵਿਸ਼ਨੂੰ ਦੀ ਚਤੁਰਭੁਜ ਮੂਰਤੀ ਬਿਰਾਜਮਾਨ ਹੈ। ਆਸ-ਪਾਸ ਦੇ ਪਿੰਡਾਂ ਦੀਆਂ ਕੁੜੀਆਂ ਤੇ ਮਹਿਲਾਵਾਂ ਪਹਿਲਾਂ ਬੰਸੀਨਾਰਾਇਣ ਨੂੰ ਰੱਖੜੀ ਬੰਨ੍ਹਦੀਆਂ ਹਨ ਅਤੇ ਇਸ ਤੋਂ ਬਾਅਦ ਹੀ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਣ ਨਿਕਲਦੀਆਂ ਹਨ। ਇਕ ਛੋਟਾ ਜਿਹਾ ਮੇਲਾ ਵੀ ਇਸੇ ਦਿਨ ਇਥੇ ਲੱਗਦਾ ਹੈ ਅਤੇ ਸੁੰਨਸਾਨ ਰਹਿਣ ਵਾਲੀ ਇਹ ਥਾਂ ਇਕ ਦਿਨ ਲਈ ਰੌਣਕ ਭਰੀ ਹੋ ਜਾਂਦੀ ਹੈ।

ਪੁਜਾਰੀ ਪੁਰਾਣ ਦਾ ਹਵਾਲਾ ਦਿੰਦੇ ਹੋਏ ਦੱਸਦੇ ਹਨ ਕਿ ਵਾਮਨ ਅਵਤਾਰ ਲੈ ਕੇ ਭਗਵਾਨ ਵਿਸ਼ਨੂੰ ਨੇ ਦਾਨਵੀਰ ਰਾਜਾ ਬਲੀ ਦਾ ਹੰਕਾਰ ਤੋੜਨ ਲਈ ਉਸ ਨੂੰ ਪਤਾਲ ਲੋਕ ਭੇਜ ਦਿੱਤਾ। ਬਲੀ ਨੇ ਭਗਵਾਨ ਨੂੰ ਆਪਣੀ ਸੁਰੱਖਿਆ ਦਾ ਪ੍ਰਬੰਧ ਕਰਨ ਲਈ ਕਿਹਾ, ਉਦੋਂ ਸ੍ਰੀ ਵਿਸ਼ਨੂੰ ਜੀ ਪਤਾਲ ਲੋਕ 'ਚ ਬਲੀ ਦੇ ਦੁਆਰਪਾਲ ਬਣ ਗਏ। ਅਜਿਹੇ 'ਚ ਆਪਣੇ ਪਤੀ ਨੂੰ ਮੁਕਤ ਕਰਾਉਣ ਲਈ ਦੇਵੀ ਲਕਸ਼ਮੀ ਪਤਾਲ ਲੋਕ ਪਹੁੰਚੀ ਅਤੇ ਰਾਜਾ ਬਲੀ ਨੂੰ ਰੱਖੜੀ ਬੰਨ੍ਹ ਕੇ ਭਗਵਾਨ ਵਿਸ਼ਨੂੰ ਨੂੰ ਮੁਕਤ ਕਰਵਾਇਆ। ਮੰਨਿਆ ਜਾਂਦਾ ਹੈ ਕਿ ਪਤਾਲ ਲੋਕ ਤੋਂ ਭਗਵਾਨ ਵਿਸ਼ਨੂੰ ਇਥੇ ਹੀ ਪ੍ਰਗਟ ਹੋਏ। ਲੋਕਾਂ ਦੀ ਮਾਨਤਾ ਹੈ ਕਿ ਰੱਖੜੀ ਬੰਨ੍ਹਣ ਨਾਲ ਭਗਵਾਨ ਵਿਸ਼ਨੂੰ ਖੁਦ ਉਨ੍ਹਾਂ ਦੀ ਰੱਖਿਆ ਕਰਦੇ ਹਨ।

ਸਮੁੰਦਰ ਤਲ ਤੋਂ ਲਗਪਗ 12 ਹਜ਼ਾਰ ਦੀ ਉਚਾਈ 'ਤੇ ਉੱਤਰਾਖੰਡ ਦੀ ਖ਼ੂਬਸੂਰਤ ਉਗਰਮ ਵਾਦੀ 'ਚ ਸਥਿਤ ਬੰਸੀਨਾਰਾਇਣ ਮੰਦਿਰ ਤਕ ਪਹੁੰਚਣ ਲਈ ਤੁਹਾਨੂੰ 12-13 ਕਿਲੋਮੀਟਰ ਦੀ ਟ੍ਰੈਕਿੰਗ ਕਰ ਕੇ ਪੈਦਲ ਹੀ ਜਾਣਾ ਪੈਂਦਾ ਹੈ। ਹਰਿਦੁਆਰ-ਬਦਰੀਨਾਥ ਮੰਦਿਰ ਰਾਜਮਾਰਗ 'ਤੇ ਚਮੋਲੀ ਅਤੇ ਜੋਸ਼ੀਮਠ ਦੇ ਰਸਤੇ 'ਚ ਇਕ ਛੋਟਾ ਜਿਹਾ ਕਸਬਾ ਆਉਂਦਾ ਹੈ ਹੇਲੰਗ, ਇਥੋਂ ਤੁਹਾਨੂੰ ਦੇਵਗਰਾਮ ਤਕ ਜੀਪ ਮਿਲ ਜਾਂਦੀ ਹੈ। ਦੇਵਗ੍ਰਾਮ ਤੋਂ ਕੁਝ ਦੂਰੀ 'ਤੇ ਪੰਜ ਕੇਦਾਰਾਂ 'ਚੋਂ ਇਕ ਕਲਪੇਸ਼ਵਰ ਮੰਦਿਰ ਹੈ, ਜਿੱਥੇ ਤੁਸੀਂ ਭਗਵਾਨ ਸ਼ਿਵ ਦੀ ਅਰਾਧਨਾ ਕਰ ਸਕਦੇ ਹੋ। ਲੋਕ ਕਥਾਵਾਂ ਅਨੁਸਾਰ ਮੰਨਿਆ ਜਾਂਦਾ ਹੈ ਕਿ ਕਲਪੇਸ਼ਵਰ ਮੰਦਿਰ ਵਾਲੀ ਜਗ੍ਹਾ 'ਤੇ ਹੀ ਭਗਵਾਨ ਆਸ਼ੂਤੋਸ਼ ਦੀਆਂ ਜਟਾਵਾਂ ਪ੍ਰਗਟ ਹੋਈਆਂ ਸਨ। ਦੇਵਗ੍ਰਾਮ 'ਚ ਰੁਕਣ ਤੇ ਖਾਣੇ ਦੀ ਕੋਈ ਪਰੇਸ਼ਾਨੀ ਨਹੀਂ ਹੈ। ਲੇਕਿਨ ਬੰਸੀਨਾਰਾਇਣ ਮੰਦਿਰ ਤੋਂ ਇਕ ਦਿਨ 'ਚ ਜਾ ਕੇ ਵਾਪਸ ਆਉਣ ਲਗਪਗ ਅਸੰਭਵ ਹੈ। ਇਸ ਲਈ ਬਿਹਤਰ ਹੈ ਕਿ ਆਪਣਾ ਟੈਂਟ ਨਾਲ ਹੀ ਲੈ ਕੇ ਜਾਓ। ਹਾਲਾਂਕਿ ਮੰਦਿਰ ਦੇ ਪਿੱਛੇ ਅਤੇ ਆਸ-ਪਾਸ ਗੁਫ਼ਾਵਾਂ ਮੌਜੂਦ ਹਨ, ਲੇਕਿਨ ਇੰਨੀ ਉਚਾਈ 'ਤੇ ਹੋਣ ਕਾਰਨ ਇਥੇ ਹਮੇਸ਼ਾ ਮੌਸਮ ਠੰਢਾ ਰਹਿੰਦਾ ਹੈ ਅਤੇ ਅਜਿਹੇ 'ਚ ਤੁਹਾਨੂੰ ਸਲੀਪਿੰਗ ਬੈਗ ਦੀ ਵੀ ਜ਼ਰੂਰਤ ਰਹਿੰਦੀ ਹੈ। ਦੇਵਗ੍ਰਾਮ ਤੋਂ ਬੰਸੀਨਾਰਾਇਣ ਮੰਦਿਰ ਤਕ ਦਾ ਰਸਤਾ ਬਹੁਤ ਹੀ ਸੁੰਦਰ ਤੇ ਦਿਲ ਮੋਹ ਲੈਣ ਵਾਲਾ ਹੈ। ਦੇਵਗ੍ਰਾਮ ਤੋਂ ਬਾਨਾ ਪਿੰਡ ਤਕ ਤੁਹਾਨੂੰ ਅਖਰੋਟ, ਸੇਬ ਅਤੇ ਹੋਰ ਫਲਾਂ ਦੇ ਦਰੱਖ਼ਤ ਖੂਬ ਦੇਖਣ ਨੂੰ ਮਿਲਣਗੇ। ਬਾਨਾ ਇਧਰ ਦਾ ਆਖ਼ਰੀ ਪਿੰਡ ਹੈ ਅਤੇ ਇਸ ਤੋਂ ਬਾਅਦ ਕਰੀਬ ਦੋ ਕਿਲੋਮੀਟਰ ਤਕ ਜੰਗਲ ਹੀ ਜੰਗਲ ਹੈ। ਹਾਲਾਂਕਿ ਜੰਗਲ ਨਾ ਤਾਂ ਬਹੁਤ ਸੰਘਣਾ ਹੈ ਤੇ ਨਾ ਹੀ ਕਿਸੇ ਜੰਗਲੀ ਜਾਨਵਰ ਦਾ ਡਰ ਹੈ। ਸਥਾਨਕ ਲੋਕ ਵੀ ਜੰਗਲ ਤੋਂ ਘਾਹ ਜਾਂ ਲੱਕੜੀ ਲਿਆਉਂਦੇ ਹੋਏ ਮਿਲ ਜਾਂਦੇ ਹਨ ਅਤੇ ਉਨ੍ਹਾਂ ਦੇ ਨਿਯਮਿਤ ਚੱਲਦੇ ਰਹਿਣ ਨਾਲ ਹੀ ਇਕ ਪਗਡੰਡੀ ਜਿਹਾ ਰਸਤਾ ਹੀ ਬਣ ਗਿਆ ਹੈ। ਬਾਨਾ ਤੋਂ ਬਾਅਦ ਬੰਸੀਨਾਰਾਇਣ ਮੰਦਿਰ ਤਕ ਕੋਈ ਪਿੰਡ ਨਹੀਂ ਹੈ, ਲੇਕਿਨ ਮੰਦਿਰ ਦੇ ਦੂਸਰੇ ਪਾਸੇ ਥੱਲੇ ਵਾਲੇ ਪਾਸੇ ਕਲਗੋਟ ਅਤੇ ਦੁਮਕ ਪਿੰਡ ਹੈ। ਇੱਥੋਂ ਦੇ ਨਿਵਾਸੀ ਤੁਹਾਨੂੰ ਮੰਦਿਰ ਦੇ ਆਸ-ਪਾਸ ਆਪਣੀਆਂ ਭੇਡਾਂ-ਬੱਕਰੀਆਂ ਚਰਾਉਂਦੇ ਹੋਏ ਮਿਲ ਜਾਣਗੇ। ਜੇ ਮੌਸਮ ਸਾਫ਼ ਹੈ ਤਾਂ ਤੁਹਾਨੂੰ ਇੱਥੋਂ ਹਾਥੀ, ਘੋੜੀ ਅਤੇ ਨੰਦਾ ਦੇਵੀ ਜਿਹੇ ਪਰਬਤ ਦੀਆਂ ਚੋਟੀਆਂ ਦੇ ਵੀ ਸੁੰਦਰ ਦਰਸ਼ਨ ਹੋ ਸਕਦੇ ਹਨ।

ਬੰਸੀਨਾਰਾਇਣ ਮੰਦਿਰ ਕਿਉਂਕਿ ਬਹੁਤੀ ਉਚਾਈ 'ਤੇ ਹੈ, ਇਸ ਲਈ ਭਲੇ ਹੀ ਤੁਸੀਂ ਕਿਸੇ ਵੀ ਮੌਸਮ 'ਚ ਜਾਓ, ਤੁਹਾਨੂੰ ਗਰਮ ਕੱਪੜੇ ਲਿਜਾਣੇ ਜ਼ਰੂਰੀ ਹਨ ਲੇਕਿਨ ਪਹਾੜੀ ਰਸਤਿਆਂ 'ਤੇ ਫਿਸਲਣ ਹੁੰਦੀ ਹੈ ਤਾਂ ਬਿਹਤਰ ਹੋਵੇਗਾ ਕਿ ਮਾਨਸੂਨ ਦੇ ਦਿਨਾਂ 'ਚ ਤੁਸੀਂ ਇਥੋਂ ਦੀ ਯਾਤਰਾ ਦਾ ਪ੍ਰੋਗਰਾਮ ਨਾ ਬਣਾਓ। •



*ਸ੍ਰੀ ਕ੍ਰਿਸ਼ਨਾ ਅਜਾਇਬ ਘਰ ਸ੍ਰੀ ਕ੍ਰਿਸ਼ਨ ਜੀ ਦੇ ਧਾਰਮਿਕ ਤੇ ਸਮਾਜਿਕ ਦੋਵਾਂ ਰੂਪਾਂ ਨੂੰ ਮੂਰਤੀਮਾਨ ਕਰਦਾ ਹੈ। ਇਸ ਅਜਾਇਬ ਘਰ ਦੀ ਰੂਪ ਰੇਖਾ 1987 'ਚ ਬਣੀ...*

# ਸ੍ਰੀ ਕ੍ਰਿਸ਼ਨ ਅਜਾਇਬ ਘਰ ਕੁਰੂਕਸ਼ੇਤਰ

ਕੁਰੂਕਸ਼ੇਤਰ ਨਗਰ ਦੀ ਅਧਿਆਤਮਿਕ ਅਤੇ ਇਤਿਹਾਸਕ ਮਹਾਨਤਾ ਨੂੰ ਕੁਰੂਕਸ਼ੇਤਰ ਵਿਕਾਸ ਬੋਰਡ ਨੇ ਪੁਨਰ-ਜੀਵਤ ਕਰ ਦਿੱਤਾ ਹੈ। ਇਸ ਤੱਥ ਦੀ ਪੁਸ਼ਟੀ ਲਈ ਮੈਂ ਇਸ ਨਗਰ ਦੇ ਉਨ੍ਹਾਂ ਸਥਾਨਾਂ ਬਾਰੇ ਲਿਖਣ ਦੀ ਕੋਸ਼ਿਸ਼ ਕਰਾਂਗਾ ਜੋ ਆਪਣੀ ਅਜੋਕੀ ਮਾਨਤਾ ਲਈ ਸਦਾ ਕੁਰੂਕਸ਼ੇਤਰ ਵਿਕਾਸ ਬੋਰਡ ਨੂੰ ਯਾਦ ਰੱਖਣਗੇ। ਇਨ੍ਹਾਂ ਥਾਵਾਂ ਦੀ ਧਾਰਮਿਕ ਮਾਨਤਾ ਯੁਗਾਂ ਪੁਰਾਣੀ ਮੰਨੀ ਜਾਂਦੀ ਹੈ, ਪਰ ਸਮੇਂ ਨੇ ਇਨ੍ਹਾਂ ਸਥਾਨਾਂ ਦੀ ਹਾਲਤ ਬਹੁਤ ਖਸਤਾ ਕਰ ਦਿੱਤੀ ਸੀ। ਇਸ ਦਰਦ ਕਹਾਣੀ ਨੂੰ ਕਿਸੇ ਹੋਰ ਲੇਖ ਵਿਚ ਛੇੜਾਂਗਾ, ਇਥੇ ਤਾਂ ਇੰਨੀ ਗੱਲ ਕਰ ਕੇ ਹੱਥਲੇ ਵਿਸ਼ੇ ਵੱਲ ਮੁੜਾਂਗਾ ਕਿ ਪਹਿਲੀ ਅਗਸਤ 2018 ਤੋਂ 31 ਜੁਲਾਈ 2019 ਤਕ ਕੁਰੂਕਸ਼ੇਤਰ ਵਿਕਾਸ ਬੋਰਡ ਆਪਣੀ ਸਵਰਨ ਜੈਅੰਤੀ ਮਨਾ ਰਿਹਾ ਹੈ। ਇਨ੍ਹਾਂ ਪੰਜਾਹ ਸਾਲਾਂ ਵਿਚਲੇ ਵਿਸ਼ੇਸ਼ ਕਾਰਜਾਂ ਵਿੱਚੋਂ ਇਕ ਹੈ ਸ੍ਰੀ ਕ੍ਰਿਸ਼ਨ ਅਜਾਇਬ ਘਰ। ਹਰ ਇਕ ਅਜਾਇਬ ਘਰ ਦੀ ਕੋਈ ਨਾ ਕੋਈ ਵਿਸ਼ੇਸ਼ਤਾ ਹੁੰਦੀ ਹੈ। ਇਹ ਭਾਵੇਂ ਮੁੰਬਈ ਦਾ ਹੋਵੇ, ਹੈਦਰਾਬਾਦ ਦਾ ਸੁਲਾਰਜੰਗ ਹੋਵੇ ਜਾਂ ਵਾਲਐਂਡ ਟਰਾਂਟੋ ਦਾ ਅਜਾਇਬ ਘਰ ਜਿੱਥੇ ਪੁਰਾਤਨ ਸੰਦ, ਹਥਿਆਰ ਤੇ ਸੈਨਿਕਾਂ ਦੇ ਕੱਪੜੇ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਿਤ ਕੀਤੇ ਹੋਏ ਹਨ। ਸ੍ਰੀ ਕ੍ਰਿਸ਼ਨਾ ਅਜਾਇਬ ਘਰ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਧਾਰਮਿਕ ਅਤੇ ਸਮਾਜਿਕ ਦੋਵਾਂ ਰੂਪਾਂ ਨੂੰ ਮੂਰਤੀਮਾਨ ਕਰਦਾ ਹੈ। ਇਸ ਅਜਾਇਬ ਘਰ ਦੀ ਰੂਪ ਰੇਖਾ 1987 ਵਿਚ ਬਣੀ ਅਤੇ ਇਸ ਦੀ ਸਥਾਪਨਾ ਲਗਪਗ ਪੰਜ ਏਕੜ ਭੂਮੀ 'ਤੇ ਕਰ ਕੇ ਆਰੰਭ ਹੋਈ। ਸਾਲ 1991 ਵਿਚ ਇਸ ਅਜਾਇਬ ਘਰ ਦਾ ਪਹਿਲਾ ਭਾਗ ਸਥਾਪਤ ਕੀਤਾ ਗਿਆ। ਫਿਰ 1995 ਵਿਚ ਇਸ ਨਾਲ ਦੂਜਾ ਭਾਗ ਜੋੜਿਆ ਗਿਆ। ਇਸ ਤਰ੍ਹਾਂ ਹੁਣ ਇਹ ਅਜਾਇਬ ਘਰ ਦੋ ਭਾਗਾਂ ਵਿਚ ਸਥਾਪਤ ਹੈ। ਇਸ ਅਜਾਇਬ ਘਰ ਵਿਚ ਪ੍ਰਦਰਸ਼ਿਤ ਕਲਾ-ਕ੍ਰਿਤੀਆ ਵਿਚ ਸ੍ਰੀ ਕ੍ਰਿਸ਼ਨ ਇਕ ਦੇਵਤਾ, ਵਿਸ਼ਨੂੰ ਜੀ ਦੇ ਅਵਤਾਰ, ਇਕ ਮਹਾਨ ਦਾਰਸ਼ਨਿਕ, ਮਹਾਂਕਾਵਿ ਦੇ ਮਹਾਂਨਾਇਕ, ਇਕ ਕੁਸ਼ਲ ਰਾਜਨੀਤੀਕਾਰ ਅਤੇ ਪ੍ਰੇਮੀ ਦੇ ਰੂਪ ਵਿਚ ਪ੍ਰਦਰਸ਼ਿਤ ਹਨ। ਮਹਾਨ ਕਲਾਕਾਰਾਂ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਪ੍ਰੇਰਨਾ-ਸਰੋਤ ਮੰਨ ਕੇ ਆਪਣੀਆਂ ਕਲਾ-ਕ੍ਰਿਤੀਆਂ ਰਾਹੀਂ ਕ੍ਰਿਸ਼ਨ ਕਥਾ ਦਾ ਚਿਤ੍ਰਣ ਕੀਤਾ ਹੈ। ਇਸ ਅਜਾਇਬ ਘਰ ਦੀਆਂ ਅੱਠ ਗੈਲਰੀਆਂ ਹਨ। ਮੈਂ ਹੱਥਲੇ ਆਰਟੀਕਲ ਵਿਚ ਪਹਿਲੀਆਂ ਦੋ ਗੈਲਰੀਆਂ ਦੀ ਗੱਲ ਹੀ ਕਰਾਂਗਾ।



ਸੀ. ਆਰ. ਮੋਦਗਿਲ

92157-15909

## ਪਹਿਲੀ ਗੈਲਰੀ

ਇਸ ਵਿਚ ਵੱਖ-ਵੱਖ ਸ਼ੈਲੀਆਂ ਅਤੇ ਕਾਲਖੰਡਾਂ ਵਿਚ ਧਾਤੂ ਨਿਰਮਿਤ ਮੂਰਤੀਆਂ, ਲੱਕੜੀ ਅਤੇ ਹਾਥੀ ਦੰਦ ਦੀਆਂ ਕ੍ਰਿਤੀਆਂ ਪ੍ਰਦਰਸ਼ਿਤ ਹਨ। ਉਸ ਵੇਲੇ ਲੱਕੜੀ ਦੀ ਵਰਤੋਂ ਵਧੇਰੇ ਪ੍ਰਚਲਿਤ ਸੀ, ਇਸ ਲਈ ਸ਼ਿਲਪੀਆਂ ਨੇ ਵਧੇਰੇ ਇਸ ਨੂੰ ਅਪਣਾਇਆ। ਇਸ ਗੈਲਰੀ ਵਿਚ ਕਰਨਾਟਕ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼, ਉੜੀਸਾ ਤੋਂ ਪ੍ਰਾਪਤ ਲੱਕੜੀ ਦੀਆਂ ਕਲਾ ਕ੍ਰਿਤੀਆਂ ਰੱਖੀਆਂ ਹੋਈਆਂ ਹਨ। ਕੁਝ ਕਲਾ ਕ੍ਰਿਤੀਆਂ ਹਾਥੀ ਦੰਦ ਦੀਆਂ ਵੀ ਬਣੀਆਂ ਹੋਈਆਂ ਹਨ। ਉੜੀਸਾ ਤੋਂ 18ਵੀਂ ਅਤੇ 19ਵੀਂ ਸਦੀ ਵਿਚ ਲੱਕੜੀ ਦੇ ਫੱਟਿਆਂ ਉੱਪਰ ਭਗਵਾਨ ਵਿਸ਼ਨੂੰ ਜੀ ਦੇ ਦਸ ਅਵਤਾਰਾਂ ਅਤੇ ਬਾਲ ਲੀਲ੍ਹਾ ਦੀਆਂ ਝਲਕੀਆਂ ਹਨ। ਦੂਸਰੇ ਫੱਟੇ ਉਪਰ ਸ੍ਰੀ ਕ੍ਰਿਸ਼ਨ ਜੀਵਨ ਦੇ ਵੱਖ-ਵੱਖ ਪ੍ਰਸੰਗ ਚਿਤ੍ਰਿਤ ਹਨ। ਇਸ ਖੰਡ ਦੀ ਉੜੀਸਾ ਤੋਂ ਹੀ ਪ੍ਰਾਪਤ ਰਾਧਾ-ਕ੍ਰਿਸ਼ਨ ਜੀ ਦੀ ਬੰਸਰੀ ਵਜਾਉਂਦਿਆਂ ਬਣਾਈ ਹੋਈ ਪ੍ਰਤਿਮਾ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਉੜੀਸਾ ਤੋਂ ਹੀ ਪ੍ਰਾਪਤ ਹਾਥੀ ਦੰਦ ਤੇ ਬਣੀਆਂ ਮੂਰਤੀਆਂ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਤਾਮਿਲਨਾਡੂ ਤੋਂ ਕਾਠ ਦੀਆਂ ਵਿਸ਼ੇਸ਼ ਸ਼ੈਲੀ ਦੀਆਂ ਮੂਰਤੀਆਂ ਤੇ ਸਥੂਲਤਾ ਵੀ ਪ੍ਰਦਰਸ਼ਿਤ ਹੈ। ਇਨ੍ਹਾਂ ਵਿਚ ਬੇਨੂੰਗੋਪਾਲ ਦੀ ਕਾਠ ਦੀ ਮੂਰਤੀ ਵਿਚ ਸ੍ਰੀ ਕ੍ਰਿਸ਼ਨ ਦੇ ਮਨੋਹਾਰੀ ਬੰਸੀਵਾਦਨ ਦਾ ਚਿਤ੍ਰਣ ਹੈ। ਕਰਨਾਟਕਾ ਦੀ ਚੰਦਨ ਦੀ ਲੱਕੜੀ 'ਤੇ ਬਣੀਆਂ ਕਲਾ-ਕ੍ਰਿਤੀਆਂ ਵਿਚ ਕਮਾਲ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਇਸ ਦੇ ਇਕ ਪਾਸੇ ਬੰਸੀ ਵਜਈਯਾ ਹਨ ਅਤੇ ਦੂਸਰੇ ਪਾਸੇ ਗਜ-ਉਸਾਰ ਦਾ ਪ੍ਰਸੰਗ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਇਸੇ ਗੈਲਰੀ ਵਿਚ ਧਾਤੂ ਦੀਆਂ ਬਣੀਆਂ ਬਹੁਤ ਹੀ ਸੁੰਦਰ ਮੂਰਤੀਆਂ ਹਨ ਜਿਨ੍ਹਾਂ ਵਿਚ ਸ੍ਰੀ ਕ੍ਰਿਸ਼ਨ ਜੀਵਨ ਦੇ ਵੱਖ-ਵੱਖ ਪ੍ਰਸੰਗ ਦਰਸਾਏ ਗਏ ਹਨ।

## ਦੂਜੀ ਗੈਲਰੀ

ਇਸ ਗੈਲਰੀ ਵਿਚ ਵਿਸ਼ੇਸ਼ ਕਰਕੇ ਹਰਿਆਣਾ ਅਤੇ ਦੁਆਰਕਾ ਨਗਰੀ (ਗੁਜਰਾਤ) ਦੇ ਪ੍ਰਾ-ਇਤਿਹਾਸਕ ਅਤੇ ਅਰਧ-ਇਤਿਹਾਸਕ ਤੱਥਾਂ ਉੱਪਰ ਧਿਆਨ ਖਿੱਚਿਆ ਗਿਆ ਹੈ। ਪ੍ਰਾਚੀਨ ਕੁਰੂਕਸ਼ੇਤਰ ਅਤੇ ਪੁਰਾਤੱਤਵ ਸਥਾਨ ਜਿਵੇਂ ਕੁਨਾਲ, ਬਨਵਲੀ, ਰਾਖੀਗੜ੍ਹੀ, ਭਿਰਡਾਨਾ, ਜੋਗਨਾਖੇੜਾ, ਬਾਲੂ ਅਤੇ ਦੌਲਤਪੁਰਾ ਆਦਿ ਤੋਂ ਮਿਲੇ ਪੁਰਾਤਨ ਅਵਸ਼ੇਸ਼ ਪ੍ਰਸਤੁਤ ਹਨ। ਇਸੇ ਤਰ੍ਹਾਂ ਦੁਆਰਕਾ ਤੋਂ ਮਿਲੇ ਸਮੁੰਦਰੀ ਤੱਟ ਅਤੇ ਸਮੁੰਦਰ ਦੇ ਅੰਦਰੋਂ ਮਿਲੇ ਅਵਸ਼ੇਸ਼ ਵੀ ਪ੍ਰਦਰਸ਼ਿਤ ਹਨ ਜੋ ਦੁਆਰਕਾ ਦੇ ਕੁਝ ਭਾਂਡੇ, ਸੰਖ ਦੀਆਂ ਚੂੜੀਆਂ ਤੋਂ ਇਲਾਵਾ ਇਕ ਮੋਹਰ ਦੇ ਰੂਪ ਵਿਚ ਵਿਖਾਏ ਗਏ ਹਨ। ਉਹ ਆਪਣੇ ਆਪ ਵਿਚ ਇਤਿਹਾਸਿਕ ਪ੍ਰਮਾਣ ਹਨ। ਇਸ ਤੋਂ ਇਲਾਵਾ ਇਸ ਗੈਲਰੀ ਵਿਚ ਵਿਸ਼ਨੂੰ-ਕ੍ਰਿਸ਼ਨ ਕਥਾ ਤੇ ਹਰਿਆਣਾ ਦੇ ਵੱਖ-ਵੱਖ ਸਥਾਨਾਂ ਅਤੇ ਮਥੁਰਾ ਤੋਂ ਮਿਲੀਆਂ ਵਿਸ਼ਨੂੰਰੂਪੀ ਮੂਰਤੀਆਂ ਵੀ ਪ੍ਰਦਰਸ਼ਿਤ ਹਨ। •



ਜਗਰੂਪ ਸਿੰਘ ਜਰਖੜ

2064782001

*50ਵੇਂ ਦਹਾਕੇ 'ਚ ਮਾਇਓ ਸਿੰਘ ਦੀ 'ਮਾਇਓ ਲੰਬਰ ਕੰਪਨੀ' ਮਿੱਲ ਫੇਲ੍ਹ ਹੋਣ ਕਿਨਾਰੇ ਹੋ ਗਈ। ਉਸ ਦੇ ਸਾਥੀ ਕਪੂਰ ਸਿੰਘ ਵੈਨਕੂਵਰ ਚਲੇ ਗਏ। ਅਖ਼ੀਰ ਮਿੱਲ ਬੈਂਕ ਕੋਲ ਗਿਰਵੀ ਹੋ ਗਈ। ਸਿੱਖ ਪਰਿਵਾਰਾਂ ਨੇ ਪਿੰਡ ਪਾਲਦੀ ਛੱਡਣਾ ਸ਼ੁਰੂ ਕਰ ਦਿੱਤਾ...*

# ਕੈਨੇਡਾ 'ਚ ਸੌ ਸਾਲ ਪਹਿਲਾਂ ਵਸੇ ਪਾਲਦੀ ਦੀ ਹੋਂਦ ਖ਼ਤਮ ਹੋਣ ਕੰਢੇ

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਿਲਪੁਰ ਦੇ ਨੇੜੇ ਇੱਕ ਪਿੰਡ ਵਸਦਾ ਹੈ ਜਿਸ ਦਾ ਨਾਂਅ ਹੈ 'ਪਿੰਡ ਪਾਲਦੀ'। ਉਥੋਂ ਦੇ 1888 'ਚ ਸਿੱਖ ਪਰਿਵਾਰ 'ਚ ਜਨਮੇ ਮੀਆਂ ਸਿੰਘ ਸਪੁੱਤਰ ਬੂਲਾ ਸਿੰਘ ਆਪਣੇ ਦੋ ਸਾਥੀਆਂ ਕਪੂਰ ਸਿੰਘ ਅਤੇ ਦੁੱਮਣ ਸਿੰਘ ਨਾਲ ਰੋਜ਼ੀ ਰੋਟੀ ਕਮਾਉਣ ਲਈ 1906 'ਚ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਗਏ। ਜ਼ਿੰਦਗੀ ਦੇ ਨਿਰਵਾਹ ਦੇ ਚਲਦੇ ਸੰਘਰਸ਼ ਅਖੀਰ 1915-16 'ਚ ਕੈਨੇਡਾ ਦੇ ਵਿਕਟੋਰੀਆ ਦੇ ਆਈਲੈਂਡ ਵਿਚ 'ਡੰਕਨ ਵੈਲੀ' ਕੋਲ ਰੇਲਵੇ ਲਾਈਨਾਂ 'ਤੇ ਨੌਕਰੀ ਕਰਨ ਲੱਗੇ।

1914 'ਚ ਸ਼ੁਰੂ ਹੋਏ ਪਹਿਲੇ ਵਿਸ਼ਵ ਯੁੱਧ ਦੌਰਾਨ ਕੈਨੇਡੀਅਨ ਨੌਜਵਾਨਾਂ 'ਚ ਫ਼ੌਜ 'ਚ ਭਰਤੀ ਹੋਣ ਦਾ ਵੱਡਾ ਰੁਝਾਨ ਸੀ। ਉਸ ਵੇਲੇ ਕੈਨੇਡੀਅਨ ਗੋਰੇ ਵੱਡੀ ਗਿਣਤੀ 'ਚ ਲੱਕੜ ਦੀ ਇਕ 'ਸ਼ਾਹ ਮਿੱਲ' 'ਚ ਕੰਮ ਕਰਦੇ ਸਨ ਅਤੇ ਕੈਨੇਡੀਅਨ ਨੌਜਵਾਨਾਂ ਦਾ ਰੁਝਾਨ ਫੌਜ ਵੱਲ ਨੂੰ ਹੋ ਗਿਆ। ਤਾਂ ਉਸੇ ਮਿੱਲ 'ਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਾਲਦੀ ਦੇ ਮੀਆਂ ਸਿੰਘ ਅਤੇ ਉਸ ਦੇ ਸਾਥੀ ਕਪੂਰ ਸਿੰਘ ਤੇ ਦੁੱਮਣ ਸਿੰਘ ਅਤੇ ਹੋਰ 34 ਦੇ ਕਰੀਬ ਨੌਜਵਾਨਾਂ ਨੇ ਇਹ ਮਿੱਲ ਲੀਜ਼ 'ਤੇ ਲੈ ਲਈ। ਪਾਲਦੀ ਪਿੰਡ ਵਾਲਾ ਮੀਆਂ ਸਿੰਘ ਤੋਂ ਮਾਇਓ ਸਿੰਘ ਬਣ ਗਿਆ। ਇਸ ਮਿੱਲ ਦਾ ਨਾਂਅ ਵੀ 'ਮਾਇਓ ਬ੍ਰਦਰਜ਼ ਟਿੰਬਰ ਕੰਪਨੀ' ਰੱਖਿਆ ਗਿਆ। ਕੁਦਰਤ ਦੀ ਅਜਿਹੀ ਨਿਗ੍ਹਾ ਸਵੱਲੀ ਹੋਈ ਕਿ ਮਾਇਓ ਬ੍ਰਦਰਜ਼ ਲੱਕੜ ਮਿੱਲ ਦੀ ਪੂਰੀ ਕੈਨੇਡਾ ਵਿਚ ਬੱਲੇ-ਬੱਲੇ ਹੋ ਗਈ। ਇਸ ਮਿੱਲ ਦਾ ਵਪਾਰ ਅਮਰੀਕਾ ਅਤੇ ਹੋਰ ਯੂਰਪੀਅਨ ਦੇਸ਼ਾਂ ਵਿਚ ਫੈਲ ਗਿਆ। ਮਾਇਓ ਦੀ ਪਹਿਚਾਣ ਅਮਰੀਕਾ ਦੇ ਧਨਾਢ ਬੰਦਿਆਂ ਵਿਚ ਹੋ ਗਈ। ਅਖ਼ੀਰ ਇਹ ਮਿੱਲ ਇਕੱਲੇ ਮਾਇਓ ਸਿੰਘ ਦੀ ਬਣ ਗਈ। ਇਸ ਦਾ ਨਾਂ 'ਮਾਇਓ ਬ੍ਰਦਰਜ਼' ਤੋਂ ਬਦਲ ਕੇ 'ਮਾਇਓ ਲੰਬਰ' ਕੰਪਨੀ ਰੱਖ ਲਿਆ ਗਿਆ। ਇਹ ਮਿੱਲ 14 ਹਜ਼ਾਰ ਏਕੜ ਵਿਚ ਫੈਲ ਗਈ। ਹਰ ਰੋਜ਼ 1 ਹਜ਼ਾਰ ਦੇ ਕਰੀਬ ਮੁਲਾਜ਼ਮ ਇਸ ਮਿੱਲ 'ਚ ਕੰਮ ਕਰਦੇ ਸਨ। ਜਿਨ੍ਹਾਂ ਵਿਚ ਵਧੇਰੇ ਸਿੱਖ ਪਰਿਵਾਰਾਂ ਤੋਂ ਇਲਾਵਾ ਗੋਰੇ, ਜਪਾਨੀ ਅਤੇ ਚੀਨੀ ਲੋਕ ਮਾਇਓ ਸਿੰਘ ਦੀ ਮਿੱਲ 'ਚ ਕੰਮ ਕਰਦੇ ਸਨ।

ਉਸ ਤੋਂ ਬਾਅਦ ਇਸ ਮਿੱਲ 'ਚ ਇਕ ਪਿੰਡ ਦੀ ਸਥਾਪਨਾ ਹੋਈ, ਜਿਸ ਦਾ ਨਾਂ ਮਾਇਓ ਸਿੰਘ ਨੇ ਆਪਣੇ ਜੱਦੀ ਪਿੰਡ ਦੇ ਨਾਂ 'ਤੇ 'ਪਿੰਡ ਪਾਲਦੀ' ਰੱਖਿਆ। ਜਿਸ 'ਚ ਸਿੱਖ ਭਾਈਚਾਰੇ ਦੇ ਲੋਕਾਂ ਤੋਂ ਇਲਾਵਾ ਜਪਾਨੀ ਲੋਕ ਵਸਣੇ ਸ਼ੁਰੂ ਹੋ ਗਏ। 1919 'ਚ ਉਥੇ ਵੱਸਦੇ ਸਿੱਖਾਂ ਨੇ ਕੈਨੇਡਾ ਦੇ ਇਸ ਪਿੰਡ ਪਾਲਦੀ ਵਿਚ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ। ਜਿਸ ਦਾ ਨਾਂ ਰੱਖਿਆ ਗਿਆ 'ਪਾਲਦੀ ਸਿੱਖ ਟੈਂਪਲ'। ਇਸ ਤੋਂ ਇਲਾਵਾ ਸਮੇਂ ਦੇ ਬੀਤਣ ਨਾਲ ਪਿੰਡ ਵਿਚ ਸਕੂਲ, ਪੋਸਟ ਆਫ਼ਿਸ, ਜਪਾਨੀ ਟੈਂਪਲ, ਸਟੋਰ ਆਦਿ ਸਥਾਪਿਤ ਹੋਏ। 1925 'ਚ ਮਾਇਓ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਆਪਣਾ ਇਕ ਆਲੀਸ਼ਾਨ ਮਕਾਨ ਬਣਾਇਆ। ਉਸ ਵਕਤ ਜਦੋਂ ਆਮ ਬੰਦੇ ਲਈ ਸਾਈਕਲ ਖਰੀਦਣਾ ਵੀ ਇਕ ਵੱਡੀ ਚੁਣੌਤੀ ਸੀ ਤਾਂ ਮਾਇਓ ਸਿੰਘ ਨੇ ਹਵਾਈ ਜਹਾਜ਼ ਰੱਖਿਆ ਸੀ ਅਤੇ ਉਸ ਨੇ ਆਪਣੇ ਘਰ ਹੈਲੀਪੈਡ ਬਣਾਇਆ ਸੀ। ਦੁਨੀਆ ਦੀ ਮਸ਼ਹੂਰ ਕੰਪਨੀ ਰੋਲਸ ਰਾਇਸ ਦੀਆਂ ਦੋ ਮਹਿੰਗੀਆਂ ਵੱਡੀਆਂ ਕਾਰਾਂ ਉਸ ਕੋਲ ਮੌਜੂਦ ਸਨ। ਮਾਇਓ ਸਿੰਘ ਦਸਾਂ ਨੌਹਾਂ ਦੀ ਕਿਰਤ 'ਚੋਂ ਯੂਨੀਵਰਸਿਟੀ ਆਫ਼ ਵਿਕਟੋਰੀਆ ਨੂੰ ਦਾਨ ਦਿੰਦਾ ਸੀ। 1937 'ਚ ਇਥੇ 100 ਤੋਂ ਵੱਧ ਸਿੱਖਾਂ ਦੇ ਘਰ ਅਤੇ ਪਰਿਵਾਰ ਸਨ। ਜਿਨ੍ਹਾਂ ਦੀ ਵਸੋਂ 1500 ਤੋਂ 2000 ਦੇ ਕਰੀਬ ਸੀ। ਪਿੰਡ ਪਾਲਦੀ ਨੂੰ ਕੈਨੇਡਾ ਦੇ ਸਿੱਖਾਂ ਦਾ ਪਿੰਡ ਕਿਹਾ ਜਾਂਦਾ ਹੈ। ਪਿੰਡ ਦੀਆਂ ਗਲੀਆਂ ਦੇ ਨਾਂ ਅੱਜ ਵੀ ਉਥੋਂ ਦੀਆਂ ਗਲੀਆਂ 'ਚ ਲੱਗੀਆਂ ਨੇਮ ਪਲੇਟਾਂ ਇਸ ਗੱਲ ਦੀਆਂ ਗਵਾਹ ਹਨ। ਜਿਵੇਂ ਇਕ ਗਲੀ ਕਪੂਰ ਸਿੰਘ ਦੇ ਨਾਂ 'ਤੇ, ਇਕ ਦਾ ਨਾਂ ਦੁੱਮਣ ਸਿੰਘ ਤੇ ਇਕ ਗਲੀ ਦਾ ਨਾਂ ਉਸ ਦੀ ਧਰਮਪਤਨੀ ਬਿਸ਼ਨ ਕੌਰ ਦੇ ਨਾਂ, ਜਦਕਿ ਇਕ ਹੋਰ ਗਲੀ ਦਾ ਨਾਂ ਉਸ ਦੀ ਬੇਟੀ ਜਿੰਦੋ (ਜਗਿੰਦਰ ਕੌਰ) ਦੇ ਨਾਂ 'ਤੇ ਹੈ। ਇਹ ਪਾਲਦੀ ਪਿੰਡ, ਵਿਕਟੋਰੀਆ ਤੋਂ 74 ਕਿਲੋਮੀਟਰ ਦੂਰ ਅਤੇ ਡੰਕਨ ਵੈਲੀ ਤੋਂ 13 ਕਿਲੋਮੀਟਰ ਦੂਰ ਉੱਤਰ ਵਾਲੇ ਪਾਸੇ ਹੈ। 1948 'ਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਉਚੇਚੇ ਤੌਰ 'ਤੇ ਮਾਇਓ ਸਿੰਘ ਦੇ ਘਰ ਅਤੇ ਉਸ ਦੀ ਮਿੱਲ ਦੇਖਣ ਗਏ। ਮਾਇਓ ਸਿੰਘ ਦੇ 7 ਬੱਚੇ ਹੋਏ ਸਨ। ਜਦੋਂ ਵੀ ਉਸ ਦੇ ਘਰ ਕੋਈ ਬੱਚਾ ਪੈਦਾ ਹੁੰਦਾ ਤਾਂ ਉਹ ਆਪਣੀ ਇਕ ਦਿਨ ਦੀ ਤਨਖਾਹ ਵਿਕਟੋਰੀਆ ਯੂਨੀਵਰਸਿਟੀ ਨੂੰ ਦਾਨ ਕਰਦੇ ਸਨ। ਅਖ਼ੀਰ ਕੁਦਰਤ ਨੇ ਪਾਸਾ ਪਲਟਿਆ।










50ਵੇਂ ਦਹਾਕੇ 'ਚ ਮਾਇਓ ਸਿੰਘ ਦੀ 'ਮਾਇਓ ਲੰਬਰ ਕੰਪਨੀ' ਮਿੱਲ ਫੇਲ੍ਹ ਹੋਣ ਕਿਨਾਰੇ ਹੋ ਗਈ। ਉਸ ਦੇ ਸਾਥੀ ਕਪੂਰ ਸਿੰਘ ਵੈਨਕੂਵਰ ਚਲੇ ਗਏ। ਅਖ਼ੀਰ ਮਿੱਲ ਬੈਂਕ ਕੋਲ ਗਿਰਵੀ ਹੋ ਗਈ। ਸਿੱਖ ਪਰਿਵਾਰਾਂ ਨੇ ਪਿੰਡ ਪਾਲਦੀ ਛੱਡਣਾ ਸ਼ੁਰੂ ਕਰ ਦਿੱਤਾ। 1955 'ਚ ਮਾਇਓ ਸਿੰਘ, 1952 'ਚ ਉਸ ਦੀ ਪਤਨੀ ਦੀ ਮੌਤ ਹੋ ਗਈ। ਸਿੱਖਾਂ ਦਾ ਪਿੰਡ ਪਾਲਦੀ ਵਿੱਚੋਂ ਉਜਾੜਾ ਸ਼ੁਰੂ ਹੋ ਗਿਆ। ਮਾਇਓ ਸਿੰਘ ਦਾ ਆਲੀਸ਼ਾਨ ਮਕਾਨ ਖੰਡਰ ਬਣ ਕੇ ਤਬਾਹ ਹੋ ਗਿਆ। ਪਰਿਵਾਰ ਬਿਖਰ ਗਿਆ। ਉਸ ਦੇ ਪੋਤੇ-ਪੋਤੀਆਂ 'ਤੇ ਪੱਛਮੀ ਸੱਭਿਆਚਾਰ ਭਾਰੂ ਹੋ ਗਿਆ ਤੇ ਉਹ ਗੋਰੇ ਗੋਰੀਆਂ ਵਾਂਗ ਜੀਵਨ ਬਿਤਾਉਣ ਲੱਗ ਪਏ। ਮਾਇਓ ਸਿੰਘ ਦੇ ਪਰਿਵਾਰ ਵਿੱਚੋਂ ਉਸ ਦੇ ਬੱਚੇ, ਪੋਤੇ-ਪੋਤੀਆਂ, ਜਿਨ੍ਹਾਂ ਵਿਚ ਪੋਤ ਨੂੰਹ, ਰੋਬਿਨ ਟੋਲਰ, ਰੌਬਿਨ, ਦਵਿੰਦਰ, ਜੈਲੀ, ਡਾਰਸੀ, ਸ਼ੈਰੀ ਆਦਿ ਸਿੱਖੀ ਸਰੂਪ ਤੋਂ ਦੂਰ ਆਪਣੀ ਹੋਰ ਜ਼ਿੰਦਗੀ ਵਿਚ ਹੀ ਮਘਨ ਹੋ ਗਏ।

ਮੇਰੀ ਕੈਨੇਡਾ ਯਾਤਰਾ ਦੌਰਾਨ ਮੈਨੂੰ ਇਹ ਜਗ੍ਹਾ ਸਿੱਖਾਂ ਦੇ ਉੱਜੜੇ ਬਾਗ਼ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਭਾਵੇਂ ਅੱਜ ਵੀ ਯੂਨੀਵਰਸਿਟੀ ਆਫ਼ ਵਿਕਟੋਰੀਆ 'ਚ ਮਾਇਓ ਸਿੰਘ ਦੇ ਨਾਂ 'ਤੇ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇੰਡੀਆ ਵਿਚ ਵੀ ਉਸ ਦੇ ਨਾਂਅ 'ਤੇ ਇਕ ਹਸਪਤਾਲ ਤੇ ਆਡੀਟੋਰੀਅਮ ਬਣੇ ਹੋਏ ਹਨ। ਅੱਜ ਵੀ ਉੱਜੜੇ ਪਾਲਦੀ ਪਿੰਡ 'ਚ ਮਾਇਓ ਲੰਬਰ ਮਿੱਲ ਕੋਲ 94 ਏਕੜ ਜ਼ਮੀਨ ਬੈਂਕ ਕੋਲ ਗਿਰਵੀ ਹੈ। ਉਸ 'ਤੇ 15 ਲੱਖ ਡਾਲਰ ਦਾ ਕਰਜ਼ਾ ਖੜ੍ਹਾ ਹੈ। ਪਿੰਡ ਪਾਲਦੀ ਵਿੱਚੋਂ ਸਿੱਖ ਕੂਚ ਕਰ ਕੇ ਡੰਕਨ ਵੈਲ਼ੀ ਅਤੇ ਹੋਰ ਥਾਵਾਂ 'ਤੇ ਚਲੇ ਗਏ ਹਨ, ਜੋ ਸਿੱਖਾਂ ਨੇ ਉਥੇ ਸਕੂਲ ਬਣਾਇਆ ਸੀ ਉਹ 1997 ਵਿਚ ਬੰਦ ਹੋ ਗਿਆ। ਮਾਇਓ ਸਿੰਘ ਦਾ ਘਰ ਪੂਰੀ ਤਰ੍ਹਾਂ ਖੰਡਰ ਹੋਇਆ ਪਿਆ ਹੈ। ਸਿਰਫ਼ ਦੋ ਕਮਰੇ ਖਸਤਾ ਹਾਲਤ 'ਚ ਖੜ੍ਹੇ ਹਨ।

ਪਰ ਪਿੰਡ ਪਾਲਦੀ ਦਾ 99 ਸਾਲ ਪਹਿਲਾਂ ਬਣਿਆ ਗੁਰਦੁਆਰਾ ਸਹੀ ਸਲਾਮਤ ਹੈ। ਉਥੇ ਜਲੰਧਰ ਜ਼ਿਲ੍ਹੇ ਦਾ ਗ੍ਰੰਥੀ ਸੰਤੋਖ ਸਿੰਘ ਸੇਵਾ ਕਰਦਾ ਹੈ। ਗੁਰਦੁਆਰਾ ਸਾਹਿਬ 'ਚ ਮਹਾਰਾਜ ਦਾ ਸਰੂਪ ਹਰ ਰੋਜ਼ ਪ੍ਰਕਾਸ਼ ਹੁੰਦਾ ਹੈ। ਦੀਵਾਨ ਹਾਲ, ਲੰਗਰ ਹਾਲ ਵਧੀਆ ਰੂਪ 'ਚ ਹਨ। ਇਸ ਵਿਚ ਇਕ ਮਿਊਜ਼ੀਅਮ ਵੀ ਬਣਿਆ ਹੈ। ਜਿਥੇ ਮਾਇਓ ਸਿੰਘ ਅਤੇ ਹੋਰ ਸਿੱਖਾਂ ਵੱਲੋਂ ਕੀਤੇ ਸੰਘਰਸ਼ ਅਤੇ ਉਨ੍ਹਾਂ ਦੀਆਂ ਜ਼ਿੰਦਗੀ ਦੀਆਂ ਪ੍ਰਾਪਤੀਆਂ ਦੀਆਂ ਤਸਵੀਰਾਂ ਲੱਗੀਆਂ ਹੋਈਆ ਹਨ। ਮਾਇਓ ਸਿੰਘ ਦਾ ਪੋਤਾ ਮਿਸਟਰ ਰੌਬਿਨ ਗੁਰਦੁਆਰੇ ਦਾ ਪ੍ਰਧਾਨ ਹੈ। ਕੋਈ ਟਾਵਾਂ-ਟਾਵਾਂ ਸਿੱਖ ਇੱਥੇ ਆਉਂਦਾ ਹੈ। ਗ੍ਰੰਥੀ ਸੰਤੋਖ ਸਿੰਘ ਦੇ ਦੱਸਣ ਮੁਤਾਬਿਕ ਨੇੜੇ ਪੈਂਦੀ ਡੰਕਨ ਵੈਲ਼ੀ ਵਿਚ ਰਹਿੰਦੇ ਸਿੱਖ ਪਰਿਵਾਰਾਂ ਦੀ ਕਦੇ-ਕਦੇ ਇਥੇ ਇਕੱਤਰਤਾ ਹੁੰਦੀ ਹੈ। ਪਰ ਪਾਲਦੀ ਪਿੰਡ ਵਿਚ ਕੋਈ ਸਿੱਖ ਵੀ ਨਹੀਂ ਰਹਿੰਦਾ।

ਅਗਲੇ ਵਰ੍ਹੇ 2019 'ਚ ਪਿੰਡ ਪਾਲਦੀ ਦੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਦਾ 100ਵਾਂ ਵਰ੍ਹਾ ਹੈ। ਸਿੱਖੀ ਪ੍ਰਤੀ ਸਤਿਕਾਰ ਰੱਖਣ ਵਾਲੇ ਸਿੱਖਾਂ ਦੀ ਇਹ ਭਾਵਨਾ ਹੈ ਕਿ ਪਿੰਡ ਪਾਲਦੀ ਦੇ ਗੁਰੂਘਰ ਦਾ ਸਥਾਪਨਾ ਦਿਵਸ ਅਗਲੇ ਵਰ੍ਹੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇ। ਇਸ ਪਿੰਡ ਦੀ ਹੋਂਦ ਨੂੰ ਬਚਾਉਣ ਲਈ ਜੋ 15 ਲੱਖ ਦਾ ਬੈਂਕ ਦਾ ਕਰਜ਼ਾ ਖੜ੍ਹਾ ਹੈ, ਉਸ ਨੂੰ ਉਤਾਰ ਕੇ ਕਿਵੇਂ ਨਾ ਕਿਵੇਂ ਸਿੱਖਾਂ ਦੇ ਕੈਨੇਡਾ ਵਿਚ ਪਹਿਲੇ ਵਸਾਏ ਇਤਿਹਾਸਕ ਪਿੰਡ ਦੀ ਹੋਂਦ ਨੂੰ ਬਚਾਇਆ ਜਾਵੇ ਤੇ ਗੁਰੂ ਘਰ ਨੂੰ ਸੁਰੱਖਿਅਤ ਰੱਖਿਆ ਜਾਵੇ। ਜੇ ਸਿੱਖ ਸੰਸਥਾ ਇਹ ਉਪਰਾਲਾ ਕਰਦੀ ਹੈ ਤਾਂ ਇੱਕ ਵਧੀਆ ਕਦਮ ਹੋਵੇਗਾ, ਪਰ ਜੇ ਸਿੱਖਾਂ ਨੇ ਖਾਮੋਸ਼ੀ ਧਾਰ ਲਈ ਤਾਂ ਪਿੰਡ ਪਾਲਦੀ ਤੇ ਗੁਰੂ ਘਰ ਦੀ ਜ਼ਮੀਨ ਨੂੰ ਬਚਾਉਣ ਲਈ ਸਿੱਖ ਕੌਮ ਕਿਹੋ ਜਿਹੀ ਭੂਮਿਕਾ ਨਿਭਾਉਂਦੀ ਹੈ। ਜੇਕਰ ਨਹੀਂ ਤਾਂ ਕੈਨੇਡਾ ਸਰਕਾਰ ਦੀ ਭੂਮਿਕਾ ਨਾਲ ਇਸ ਪਿੰਡ ਦਾ ਉਜਾੜਾ ਯਕੀਨੀ ਹੈ।

# ਅਜੋਕੀਆਂ ਸਥਿਤੀਆਂ 'ਚ ਚੇਤੰਨ ਲੋਕਾਂ ਦਾ ਰੋਲ

**ਹਰਬੰਸ ਸਿੰਘ**

ਭਾਰਤ ਦੀ ਆਜ਼ਾਦੀ ਦੀ ਪੂਰਵ ਸੰਧਿਆ 14-15 ਅਗਸਤ, 1947 ਦੀ ਰਾਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਾਲ ਕਿਲ੍ਹੇ ਤੋਂ ਦੇਸ਼ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਭਵਿੱਖ ਬਾਰੇ ਕਿਹਾ ਸੀ ਅਸੀਂ ਦ੍ਰਿੜ੍ਹ ਕੋਸ਼ਿਸ਼ ਕਰਾਂਗੇ ਕਿ 'ਆਮ ਵਿਅਕਤੀ ਲਈ ਆਜ਼ਾਦੀ ਅਤੇ ਸੰਭਾਵਨਾਵਾਂ ਲਿਆਵਾਂਗੇ, ਭਾਰਤ ਦੇ ਕਿਸਾਨਾਂ ਅਤੇ ਮਜ਼ਦੂਰਾਂ ਲਈ : ਗ਼ਰੀਬੀ, ਅਗਿਆਨਤਾ ਅਤੇ ਬਿਮਾਰੀ ਦੇ ਖਾਤਮੇ ਲਈ ਲੜਾਂਗੇ : ਇਕ ਵਿਕਸਤ, ਜਮਹੂਰੀ ਅਤੇ ਤਰੱਕੀਯਾਫਤਾ ਰਾਸ਼ਟਰ ਉਸਾਰਾਂਗੇ ਅਤੇ ਸਮਾਜਿਕ, ਆਰਥਿਕ ਅਤੇ ਸਿਆਸੀ ਸੰਸਥਾਵਾਂ ਪੈਦਾ ਕਰਾਂਗੇ ਜੋ ਹਰ ਮਰਦ ਅਤੇ ਔਰਤ ਲਈ ਇਨਸਾਫ ਅਤੇ ਜੀਵਨ ਦੀ ਪੂਰਨਤਾ ਯਕੀਨੀ ਬਣਾਉਣਗੀਆਂ।'

ਉਨ੍ਹਾਂ ਵਿਸ਼ਵਾਸ ਦਿੰਦਿਆਂ ਅੱਗੇ ਕਿਹਾ, 'ਸਾਨੂੰ ਅੱਗੇ ਸਖ਼ਤ ਮਿਹਨਤ ਕਰਨੀ ਪਵੇਗੀ। ਸਾਡੇ ਕਿਸੇ ਵਾਸਤੇ ਓਨੀ ਦੇਰ ਕੋਈ ਆਰਾਮ ਦਾ ਸਮਾਂ ਨਹੀਂ ਜਿੰਨਾ ਚਿਰ ਅਸੀਂ ਆਪਣੇ ਵਾਅਦੇ ਪੂਰੇ ਨਹੀਂ ਕਰਦੇ, ਜਦ ਤੱਕ ਅਸੀਂ ਆਪਣੇ ਲੋਕਾਂ ਨੂੰ ਉਹ ਸਭ ਕੁਝ ਨਹੀਂ ਬਣਾ ਕੇ ਦਿੰਦੇ ਜਿਹੜਾ ਹੋਣੀ ਉਨ੍ਹਾਂ ਵਾਸਤੇ ਚਾਹੁੰਦੀ ਹੈ।' ਇਸ ਤੋਂ ਬਾਅਦ ਉਨ੍ਹਾਂ ਕਿਹਾ, 'ਅਸੀਂ ਸਾਰੇ, ਭਾਵੇਂ ਕਿਸੇ ਵੀ ਧਰਮ ਨਾਲ ਸਬੰਧ ਰੱਖਦੇ ਹੋਈਏ ਭਾਰਤ ਦੀ ਬਰਾਬਰਤਾ ਨਾਲ ਔਲਾਦ ਹਾਂ, ਅਧਿਕਾਰਾਂ, ਰਿਆਇਤਾਂ ਅਤੇ ਜ਼ਿੰਮੇਵਾਰੀਆਂ ਦੇ ਬਰਾਬਰ ਭਾਈਵਾਲ ਹਾਂ। ਅਸੀਂ ਸੰਪਰਦਾ ਜਾਂ ਤੰਗ ਨਜ਼ਰੀਏ ਨੂੰ ਉਤਸ਼ਾਹਿਤ ਨਹੀਂ ਕਰਾਂਗੇ, ਉਹ ਕੋਈ ਵੀ ਕੌਮ ਮਹਾਨ ਨਹੀਂ ਬਣ ਸਕਦੀ ਜਿਸ ਦੇ ਲੋਕ ਸੋਚ ਅਤੇ ਆਚਾਰ ਵਿਚ ਤੰਗ ਨਜ਼ਰੀਆ ਰੱਖਦੇ ਹੋਣ।'

ਦੇਸ਼ ਦੀ ਆਜ਼ਾਦੀ ਤੋਂ 70 ਸਾਲ ਬਾਅਦ ਆਜ਼ਾਦੀ ਦਿਵਸ 'ਤੇ ਭਾਰਤ ਦੇ ਸ਼ਹਿਰੀਆਂ ਨੂੰ ਇਨ੍ਹਾਂ ਵਾਅਦਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਪੜਚੋਲ ਨਾਲ ਵਿਆਖਿਆ ਕਰਨੀ ਬਣਦੀ ਹੈ ਕਿ ਦੇਸ਼ ਕਿਸ ਪਾਸੇ ਵਲ ਨੂੰ ਜਾ ਰਿਹਾ ਹੈ। ਕੀ ਦੇਸ਼ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਗ਼ਰੀਬੀ, ਅਗਿਆਨਤਾ ਅਤੇ ਬਿਮਾਰੀ ਦੇ ਖਾਤਮੇ ਵਾਸਤੇ ਦੇਸ਼ ਦੀਆਂ ਰਾਜ ਕਰ ਰਹੀਆਂ ਅਤੇ ਰਾਜ ਕਰ ਚੁੱਕੀਆਂ ਪਾਰਟੀਆਂ ਵੱਲੋਂ ਇਹ ਵਾਅਦਾ ਨਿਭਾਇਆ ਗਿਆ ਹੈ ਕਿ ਨਹੀਂ?

ਇਸ ਦੇ ਉਤਰ ਨੂੰ ਲਭਣ ਵਾਸਤੇ ਅੰਕੜਿਆਂ ਦੀ ਮਦਦ ਲਈ ਜਾ ਸਕਦੀ ਹੈ। 1970-71 ਦੌਰਾਨ ਅਰਥ ਸ਼ਾਸਤਰੀਆਂ ਅਨੁਸਾਰ ਭਾਰਤ ਵਿਚ ਲਗਪਗ 40 ਫ਼ੀਸਦੀ ਲੋਕ ਗ਼ਰੀਬੀ-ਰੇਖਾ ਤੋਂ ਹੇਠਾਂ ਰਹਿ ਰਹੇ ਸਨ। ਉਨ੍ਹਾਂ ਅਨੁਸਾਰ ਗ਼ਰੀਬੀ-ਰੇਖਾ 2200 ਕੈਲਰੀ ਪ੍ਰਤੀ ਦਿਨ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਮਿਥੀ ਗਈ ਸੀ। ਬਾਅਦ ਵਿਚ ਇਹ ਰੇਖਾ ਨੂੰ ਘਟਾ ਕੇ ਤੇਂਦੂਲਕਰ ਕਮੇਟੀ ਨੇ 1700 ਕੈਲਰੀ ਮਿਥ ਦਿੱਤਾ ਗਿਆ। ਇਸ ਵਿਚ ਥੋੜੀ ਸੋਧ ਰੰਗਾਰਾਜਨ ਕਮੇਟੀ ਵੱਲੋਂ ਕੀਤੀ ਗਈ ਅਤੇ ਗ਼ਰੀਬੀ ਦੀ ਰੇਖਾ ਨੂੰ 2000 ਕੈਲਰੀ ਦੇ ਲਗਪਗ ਨਿਰਧਾਰਤ ਕਰ ਦਿੱਤਾ ਗਿਆ। ਇਸ ਕਮੇਟੀ ਅਨੁਸਾਰ 2011-12 ਵਿਚ ਗ਼ਰੀਬੀ-ਰੇਖਾ ਨੂੰ 1105 ਰੁਪਏ ਮੰਨਿਆ ਗਿਆ ਹੈ ਜੋ ਉਸ ਵਕਤ 2.44 ਅਮਰੀਕਨ ਡਾਲਰ ਦੇ ਬਰਾਬਰ ਸੀ। ਇਸ ਅਨੁਸਾਰ ਅੱਜ ਵੀ ਦੇਸ਼ ਵਿਚ 29.5 ਫ਼ੀਸਦੀ ਲੋਕ ਗ਼ਰੀਬੀ-ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਗ਼ਰੀਬੀ-ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦਾ ਕੁੱਲ ਵਸੋਂ ਦਾ ਅਨੁਪਾਤ 41.3 ਫ਼ੀਸਦੀ ਬਿਹਾਰ ਵਿਚ ਹੈ, 45.9 ਫ਼ੀਸਦੀ ਓੜੀਸ਼ਾ, 27.4 ਫ਼ੀਸਦੀ ਗੁਜਰਾਤ, 22.4 ਫ਼ੀਸਦੀ ਤਾਮਿਲਨਾਡੂ ਵਿਚ ਹੈ। ਪੰਜਾਬ ਵਿਚ ਰੰਗਾਰਾਜਨ ਕਮੇਟੀ ਅਨੁਸਾਰ 11.3 ਫ਼ੀਸਦੀ ਲੋਕ ਗ਼ਰੀਬੀ-ਰੇਖਾ ਤੋਂ ਹੇਠਾਂ ਜੂਨ ਭੋਗ ਰਹੇ ਹਨ। ਇਹ ਸਾਫ ਜ਼ਾਹਿਰ ਹੈ ਕਿ ਗ਼ਰੀਬੀ ਦੇ ਖਾਤਮੇ ਦਾ ਵਾਅਦਾ ਦੇਸ਼ 70 ਸਾਲਾਂ ਬਾਅਦ ਵੀ ਪੂਰਾ ਨਹੀਂ ਕਰ ਸਕਿਆ। ਅਗਿਆਨਤਾ ਦੇ ਮਾਮਲੇ ਵਿਚ ਅਸੀਂ ਬਹੁਤ ਪਿੱਛੇ ਹਾਂ। ਇਸ ਨੂੰ ਖ਼ਤਮ ਕਰਨ ਵਾਸਤੇ ਜੇ ਸਾਖਰਤਾ ਨੂੰ ਮਾਪਦੰਡ ਰੱਖਿਆ ਜਾਵੇ ਤਾਂ 2011 ਵਿਚ ਭਾਰਤ ਵਿਚ 34.54 ਫ਼ੀਸਦੀ ਵਿਅਕਤੀ ਅਨਪੜ੍ਹ ਹਨ। ਅਨਪੜ੍ਹ ਵਿਅਕਤੀਆਂ ਦੀ ਦਰ ਬਿਹਾਰ ਵਿਚ 47 ਫ਼ੀਸਦੀ, ਝਾਰਖੰਡ ਵਿਚ 44 ਫ਼ੀਸਦੀ, ਉੱਤਰ ਪ੍ਰਦੇਸ਼ ਵਿਚ 41 ਫ਼ੀਸਦੀ, ਮੱਧ ਪ੍ਰਦੇਸ਼ ਵਿਚ 40 ਫ਼ੀਸਦੀ, ਛੱਤੀਸਗੜ੍ਹ ਵਿਚ 39 ਫ਼ੀਸਦੀ ਹੈ । ਪੰਜਾਬ ਵਿਚ ਵੀ ਅਨਪੜ੍ਹਾਂ ਦੀ ਦਰ ਕੁੱਲ ਆਬਾਦੀ ਦਾ 29 ਫ਼ੀਸਦੀ ਹੈ। ਪਰ ਇਕੱਲੀ ਸਾਖ਼ਰਤਾ ਨਾਲ ਅਗਿਆਨਤਾ ਦੂਰ ਨਹੀਂ ਹੁੰਦੀ ਇਸ ਕਰਕੇ ਇਹ ਲਾਜ਼ਮੀ ਹੈ ਕਿ ਵਿਅਕਤੀ ਪੜ੍ਹਾਈ ਵਿਚ ਕਿੰਨੇ ਸਾਲ ਲਗਾਉਂਦਾ ਹੈ। ਪੱਛਮੀ ਦੇਸ਼ਾਂ ਵਿਚ ਔਸਤਨ ਹਰ ਵਿਅਕਤੀ 12-14 ਸਾਲ ਸਕੂਲਾਂ ਕਾਲਜਾਂ ਵਿਚ ਲਗਾਉਂਦਾ ਹੈ। ਭਾਰਤ ਵਿਚ ਔਸਤਨ ਇਕ ਵਿਅਕਤੀ ਛੇ ਸਾਲ ਸਕੂਲ ਵਿਚ ਲਗਾਉਂਦਾ ਹੈ । ਜਦੋਂ ਕਿ ਚੀਨ ਵਿਚ ਇਹ ਔਸਤ 8 ਸਾਲ ਹੈ। ਇਸ ਦਾ ਅਰਥ ਇਹ ਹੈ ਕਿ ਭਾਰਤ ਵਿਚ ਬਹੁਤੇ ਲੋਕ ਅਨਪੜ੍ਹ ਅਤੇ ਘੱਟ ਪੜ੍ਹੇ-ਲਿਖੇ ਹੀ ਹਨ। ਉਨ੍ਹਾਂ ਵਿਚ ਗਿਆਨ ਦਾ ਪੱਧਰ ਕਾਫੀ ਨੀਵਾਂ ਹੈ। ਕੋਠਾਰੀ ਕਮਿਸ਼ਨ (1964-66) ਵੱਲੋਂ ਵਿਦਿਆ ਵਾਸਤੇ ਕੌਮੀ ਆਮਦਨ ਦਾ 6 ਫ਼ੀਸਦੀ ਹਿੱਸਾ ਖਰਚ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਪਰ ਇਸ 'ਤੇ ਅਮਲ ਨਹੀਂ ਕੀਤਾ ਗਿਆ। ਅੱਜ ਸਰਕਾਰਾਂ ਵੱਲੋਂ ਕੌਮੀ ਆਮਦਨ ਦਾ ਤਿੰਨ ਫ਼ੀਸਦੀ ਤੋਂ ਵੀ ਘੱਟ ਵਿੱਦਿਆ ਉਪਰ ਖਰਚ ਕੀਤਾ ਜਾਂਦਾ ਹੈ। ਸਰਕਾਰਾਂ ਵੱਲੋਂ ਵਿੱਦਿਆ ਦੇ ਖੇਤਰ ਵਿਚ ਹੱਥ ਪਿੱਛੇ ਖਿੱਚੇ ਜਾਣ ਕਰਕੇ ਪੇਂਡੂ ਖੇਤਰਾਂ ਵਿਚ ਵਿਦਿਆ ਦਾ ਮਿਆਰ ਬਹੁਤ ਹੀ ਹੇਠਾਂ ਆ ਗਿਆ ਹੈ। ਪ੍ਰਾਈਵੇਟ ਸਕੂਲਾਂ ਦੀ ਵਿੱਦਿਆ ਬਹੁਤ ਮਹਿੰਗੀ ਹੈ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਮਨੁੱਖੀ ਜ਼ਿੰਦਗੀ ਦੀ ਗੁਣਵੱਤਾ ਨੂੰ ਬਣਾਉਣ ਵਿਚ ਸਿਹਤ ਸਹੂਲਤਾਂ ਦਾ ਮਹੱਤਵਪੂਰਨ ਰੋਲ ਹੈ। ਸਿਹਤ ਦੇ ਮਾਪਦੰਡ ਨੂੰ ਵਿਅਕਤੀਆਂ ਦੀ ਔਸਤਨ ਉਮਰ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਜੇ ਔਸਤਨ ਕਿਸੇ ਦੇਸ਼ ਦੇ ਵਸਨੀਕ ਲੰਮਾ ਸਮਾਂ ਜਿਊਂਦੇ ਹਨ ਤੇ ਉਸ ਦੇਸ਼ ਦੇ ਲੋਕਾਂ ਦੀ ਸਿਹਤ ਬਿਹਤਰ ਮੰਨੀ ਜਾਂਦੀ ਹੈ। ਭਾਰਤ ਦੇ ਲੋਕ 2015 ਵਿਚ ਔਸਤਨ 68 ਸਾਲ ਦੀ ਉਮਰ ਭੋਗਦੇ ਹਨ। ਜਦ ਕਿ ਚੀਨ ਵਿਚ ਔਸਤਨ ਜਿਊਣ ਦੀ ਉਮਰ 2012 ਵਿਚ 74 ਸਾਲ ਸੀ। ਯੂਰਪੀਅਨ ਦੇਸ਼ਾਂ ਅਤੇ ਜਾਪਾਨ ਵਿਚ ਇਹ ਉਮਰ 80 ਸਾਲ ਤੋਂ ਉਪਰ ਹੈ। ਇਸ ਕਾਰਨ ਭਾਰਤ ਦੇ ਲੋਕਾਂ ਦਾ ਮਨੁੱਖੀ ਵਿਕਾਸ ਸੂਚਕ ਦੁਨੀਆ ਦੇ ਦੇਸ਼ਾਂ ਤੋਂ ਕਾਫੀ ਪਿੱਛੇ ਸੀ। ਇਹ ਸੂਚਕ 188 ਦੇਸ਼ਾਂ ਵਾਸਤੇ ਤਿਆਰ ਕੀਤਾ ਜਾਂਦਾ ਹੈ। ਇਸ ਵਿਚ ਭਾਰਤ ਦਾ ਰੈਂਕ 2015 ਵਿਚ 131 ਸੀ। ਭਾਵੇਂ ਭਾਰਤ-ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਅੱਗੇ ਸੀ ਪਰ ਚੀਨ ਤੋਂ ਕਾਫੀ ਪਿੱਛੇ ਸੀ। ਸਭ ਤੋਂ ਉਪਰ ਦਾ ਰੈਂਕ ਸਕੰਡੇਨੇਵੀਆ ਦੇ ਦੇਸ਼ਾਂ ਦਾ ਹੈ ਅਤੇ ਉਸ ਤੋਂ ਬਾਅਦ ਪੱਛਮੀ ਯੂਰਪ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਦੇ ਦੇਸ਼ਾਂ ਦਾ ਰੈਂਕ ਆਉਂਦਾ ਹੈ। ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਭਾਰਤ ਦੇ ਲੋਕਾਂ ਨਾਲ ਕੀਤਾ ਵਾਅਦਾ ਕਿ ਉਨ੍ਹਾਂ ਦੀ ਗ਼ਰੀਬੀ ਦੂਰ ਕੀਤੀ ਜਾਵੇਗੀ, ਉਨ੍ਹਾਂ ਦੀ ਅਗਿਆਨਤਾ ਖਤਮ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾਵੇਗਾ, ਇਹ 70 ਸਾਲਾਂ ਬਾਅਦ ਵੀ ਪੂਰਾ ਨਹੀਂ ਕੀਤਾ ਜਾ ਸਕਿਆ। ਸਾਡਾ ਰਿਕਾਰਡ ਚੀਨ ਦੇ ਮੁਕਾਬਲੇ ਕਾਫੀ ਮਾੜਾ ਹੈ। ਇਥੇ ਯਾਦ ਕਰਨ ਵਾਲੀ ਗੱਲ ਇਹ ਹੈ ਕਿ ਚੀਨ ਭਾਰਤ ਤੋਂ ਦੋ ਸਾਲ ਬਾਅਦ 1949 ਵਿਚ, ਆਜ਼ਾਦ ਹੋਇਆ ਅਤੇ ਇਸ ਤੋਂ ਕਾਫੀ ਤੇਜ਼ੀ ਨਾਲ ਅੱਗੇ ਨਿਕਲ ਗਿਆ। ਭਾਰਤ ਦੇ ਲੋਕਾਂ ਵਾਸਤੇ ਇਹ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਇਹ ਵਾਅਦਾ ਕਿ ਦੇਸ਼ ਨੂੰ ਇਕ ਵਿਕਸਤ ਕੌਮ ਦੇ ਤੌਰ 'ਤੇ ਪ੍ਰਫੁੱਲਿਤ ਕੀਤਾ ਜਾਵੇਗਾ ਪੂਰਾ ਨਹੀਂ ਹੋ ਸਕਿਆ।

ਕੀ ਸਾਡੀਆਂ ਆਰਥਿਕ, ਸਮਾਜਿਕ ਅਤੇ ਸਿਆਸੀ ਸੰਸਥਾਵਾਂ ਆਮ ਆਦਮੀ ਨੂੰ ਇਨਸਾਫ ਦੇ ਸਕਣ ਦੇ ਕਾਬਲ ਹਨ? ਜੋ ਸੰਸਥਾਵਾਂ ਭਾਰਤ ਵਿਚ ਉਸਾਰੀਆਂ ਗਈਆਂ ਉਸ ਨਾਲ ਸਰਮਾਏ ਦਾ ਵਿਕਾਸ ਹੋਇਆ ਹੈ ਜਿਸ ਨਾਲ ਕਾਰਪੋਰੇਟ ਸੈਕਟਰ ਦੇ ਘਰਾਣਿਆਂ ਦੀ ਕਾਫੀ ਆਮਦਨ ਵਧੀ ਹੈ ਅਤੇ ਅੱਜਕਲ੍ਹ ਕੌਮੀ ਆਮਦਨ ਵਿਚ ਇਨ੍ਹਾਂ ਦਾ ਹਿੱਸਾ 30 ਫ਼ੀਸਦੀ ਦੇ ਨਜ਼ਦੀਕ ਪਹੁੰਚ ਗਿਆ ਹੈ। ਇਸ ਸੈਕਟਰ ਦੇ ਮਾਲਕ ਦੇਸ਼ ਦੀ 0.1 ਫ਼ੀਸਦੀ ਤੋਂ ਵੀ ਘੱਟ ਆਬਾਦੀ ਦੀ ਨੁਮਾਇੰਦਗੀ ਕਰਦੇ ਹਨ। ਮੱਧ ਵਰਗ ਅਤੇ ਸਰਕਾਰੀ ਕਰਮਚਾਰੀਆਂ ਨੂੰ ਵੀ ਫਾਇਦਾ ਹੋਇਆ ਹੈ । ਇਹ ਵੀ 25 ਫ਼ੀਸਦੀ ਤੋਂ ਵੱਧ ਆਮਦਨ 'ਤੇ ਕਾਬਜ਼ ਹਨ। ਦੇਸ਼ ਵਿਚ ਕਰੋੜਪਤੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪਰ 30 ਫ਼ੀਸਦੀ ਗ਼ਰੀਬ ਲੋਕਾਂ ਪਾਸ ਤਾਂ 5 ਫ਼ੀਸਦੀ ਤੋਂ ਘੱਟ ਆਮਦਨ ਦਾ ਹਿੱਸਾ ਹੈ। ਪੇਂਡੂ ਖੇਤਰਾਂ ਵਿਚ ਖੇਤੀ ਵਿਚ ਲੱਗੇ ਲੋਕਾਂ ਦਾ ਕੁਲ ਆਬਾਦੀ ਵਿਚ ਹਿੱਸਾ 50 ਫ਼ੀਸਦੀ ਦੇ ਕਰੀਬ ਹੈ ਪਰ ਦੇਸ਼ ਦੀ ਆਮਦਨ ਵਿਚ ਹਿੱਸਾ ਸਿਰਫ 14-15 ਫ਼ੀਸਦੀ ਹੈ। ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਇਕੱਲੇ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦੀ ਗਿਣਤੀ 1997 ਤੋਂ 2014 ਤੱਕ ਤਿੰਨ ਲੱਖ ਤੋਂ ਵੱਧ ਹੋ ਚੁੱਕੀ ਹੈ। ਇਵੇਂ ਹੀ ਖੇਤ ਮਜ਼ਦੂਰ ਵੀ ਕਾਫੀ ਗਿਣਤੀ ਵਿਚ ਇਸ ਵਰਤਾਰੇ ਦੇ ਸ਼ਿਕਾਰ ਹਨ ਪਰ ਉਨ੍ਹਾਂ ਬਾਰੇ ਅੰਕੜੇ ਇਕੱਠੇ ਹੀ ਨਹੀਂ ਕੀਤੇ ਜਾਂਦੇ। ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਸੁੰਗੜ ਰਹੇ ਹਨ ਅਤੇ ਦੇਸ਼ ਦੇ ਹੇਠਲੇ 50 ਫ਼ੀਸਦੀ ਲੋਕ ਨਰਕ ਦੀ ਜ਼ਿੰਦਗੀ ਭੋਗ ਰਹੇ ਹਨ ਉਨ੍ਹਾਂ ਨੂੰ ਨਾ ਤਾਂ ਆਰਥਿਕ ਇਨਸਾਫ ਮਿਲ ਰਿਹਾ ਹੈ ਅਤੇ ਨਾ ਹੀ ਸਮਾਜਿਕ ਨਿਆਂ ਮਿਲ ਰਿਹਾ ਹੈ। ਸਮਾਜਿਕ ਤੌਰ 'ਤੇ ਇਹ ਲੋਕ ਤਸ਼ੱਦਦ ਦਾ ਸ਼ਿਕਾਰ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਅਨੁਸੂਚਿਤ ਜਾਤਾਂ ਅਤੇ ਕਬੀਲਿਆਂ ਦੇ ਲੋਕਾਂ ਦੀ ਹੈ। ਹੁਣ ਇਸ ਵਿਚ ਦਿਨ-ਬਦਿਨ ਟੁੱਟਦੀ ਜਾ ਰਹੀ ਨਿਮਨ ਕਿਸਾਨੀ ਵੀ ਸ਼ਾਮਿਲ ਹੋ ਰਹੀ ਹੈ। ਦੇਸ਼ ਦੀਆਂ ਆਰਥਿਕ ਸੰਸਥਾਵਾਂ ਜਿਸ ਵਿਚ ਕਾਰੋਬਾਰੀ ਵੱਡੀਆਂ ਅਤੇ ਦਰਮਿਆਨੀਆਂ ਕੰਪਨੀਆਂ, ਵੱਡੇ ਵਪਾਰੀ (ਥੋਕ ਅਤੇ ਪ੍ਰਚੂਨ), ਵੱਡੀ ਨੌਕਰਸ਼ਾਹੀ ਅਤੇ ਰਾਜ ਕਰ ਰਹੀਆਂ ਸਿਆਸੀ ਪਾਰਟੀਆਂ ਦੇ ਆਗੂ ਗ਼ਰੀਬਾਂ ਦਾ ਸ਼ੋਸ਼ਣ ਕਰ ਰਹੇ ਹਨ ਅਤੇ ਉਨ੍ਹਾਂ ਦੇ ਸਿਰ 'ਤੇ ਐਸ਼ ਦੀ ਜ਼ਿੰਦਗੀ ਬਿਤਾਅ ਰਹੇ ਹਨ ।ਇਸ ਵਰਤਾਰੇ ਵਿਚ ਦੇਸ਼ ਨੂੰ ਕਿਸ ਰਸਤੇ ਪਾਇਆ ਜਾ ਰਿਹਾ ਹੈ? ਦੇਸ਼ ਵਿਚ ਮੌਜੂਦਾ ਹਕੂਮਤ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡ ਰਹੀ ਹੈ। ਘੱਟ ਗਿਣਤੀਆਂ ਦੇ ਲੋਕ, ਅਨੁਸੂਚਿਤ ਜਾਤਾਂ ਅਤੇ ਕਬੀਲਿਆਂ ਦੇ ਲੋਕਾਂ ਉਪਰ ਜ਼ੁਲਮ ਹੋ ਰਹੇ ਹਨ। ਮੁਜ਼ਾਹਰਾ ਕਰ ਰਹੇ ਕਿਸਾਨਾਂ ਅਤੇ ਮਜ਼ਦੂਰਾਂ ਉੱਪਰ ਲਾਠੀਚਾਰਜ ਕੀਤਾ ਜਾਂਦਾ ਹੈ ਅਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ। ਇਸ ਦੇ ਨਾਲ ਔਰਤਾਂ ਉੱਪਰ ਦੋਹਰਾ ਜ਼ੁਲਮ ਹੋ ਰਿਹਾ ਹੈ। ਇਕ ਜਮਾਤੀ ਸ਼ੋਸ਼ਣ ਅਤੇ ਦੂਸਰਾ ਲਿੰਗ ਵਿਤਕਰਾ। ਲਿੰਗ ਵਿਤਕਰੇ ਦੀ ਤਾਜ਼ਾ ਮਿਸਾਲ ਚੰਡੀਗੜ੍ਹ ਵਿਖੇ ਇਕ ਆਈ. ਏ. ਐਸ. ਅਧਿਕਾਰੀ ਦੀ ਲੜਕੀ ਨੂੰ ਜਬਰੀ ਵਰਗਲਾਉਣ ਦੀ ਕੋਸ਼ਿਸ਼ ਤੋਂ ਜ਼ਾਹਰ ਹੁੰਦੀ ਹੈ। ਇਵੇਂ ਹੀ ਹਰਿਆਣਾ ਵਿਚ ਜਾਟ ਅੰਦੋਲਨ ਦੌਰਾਨ ਮੁਰਥਲ ਨੇੜੇ ਔਰਤਾਂ ਨਾਲ ਬਦਸਲੂਕੀ ਕੀਤੀ ਗਈ ਸੀ। ਹੁਣ ਗਊ ਰੱਖਿਆ ਦੇ ਨਾਂਅ 'ਤੇ ਮੁਸਲਮਾਨਾਂ ਅਤੇ ਦਲਿਤਾਂ ਉੱਪਰ ਹਮਲੇ ਹੋ ਰਹੇ ਹਨ। ਇਸ ਨਾਲ ਦੇਸ਼ ਵਿਚ ਗ਼ਰੀਬਾਂ ਵਿਰੁੱਧ ਹਿੰਸਾ ਦੀ ਮਿਕਦਾਰ ਅਤੇ ਗਿਣਤੀ ਕਾਫੀ ਵਧ ਗਈ ਹੈ। ਭਾਰਤ ਦੇ ਲੋਕਾਂ ਦੇ ਵੱਡੇ ਹਿੱਸੇ ਨੂੰ ਉਨ੍ਹਾਂ ਅਧਿਕਾਰਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਅੱਜ ਦੇ ਦਿਨ ਸੂਝਵਾਨ ਲੋਕਾਂ ਨੂੰ ਆਮ ਲੋਕਾਂ ਬਾਰੇ ਸੋਚਣਾ ਬਣਦਾ ਹੈ। ਹਾਕਮਾਂ ਨੂੰ ਉਨ੍ਹਾਂ ਵੱਲੋਂ ਕੀਤੇ ਆਮ ਲੋਕਾਂ ਨਾਲ ਵਾਅਦਿਆਂ ਬਾਰੇ ਯਾਦ ਕਰਾਉਣਾ ਚਾਹੀਦਾ ਹੈ। ਇਹ ਪੁੱਛਣਾ ਕਾਫੀ ਵਾਜਬ ਹੈ ਕਿ ਲੋਕਾਂ ਨਾਲ ਵਾਅਦੇ ਨਿਭਾਉਣ ਤੋਂ ਬਗੈਰ ਹਾਕਮ ਲੋਕ ਕਿਵੇਂ ਐਸ਼ ਦੀ ਜ਼ਿੰਦਗੀ ਜੀ ਰਹੇ ਹਨ? ਇਨ੍ਹਾਂ ਔਖੇ ਸਮਿਆਂ ਵਿਚ ਸੰਘਰਸ਼ੀਲ ਲੋਕਾਂ ਨਾਲ ਸਾਂਝ ਪਾਉਣਾ ਅਤੇ ਉਨ੍ਹਾਂ ਦੇ ਹੱਕ ਵਿਚ ਖੜ੍ਹਨਾ ਅਤੇ ਉਨ੍ਹਾਂ ਵਿਚ ਇਕਮੁੱਠਤਾ ਬਣਾਉਣ ਦੀ ਚੇਤਨਾ ਪੈਦਾ ਕਰਨਾ ਬੁੱਧੀਮਾਨ ਵਿਅਕਤੀਆਂ ਦਾ ਫ਼ਰਜ਼ ਹੈ। ਸਮਾਜ ਦੇ ਪਛੜੇ ਅਤੇ ਸ਼ੋਸ਼ਤ ਲੋਕਾਂ ਨੂੰ ਕਿਵੇਂ ਇਨਸਾਫ ਦਿਵਾਇਆ ਜਾ ਸਕਦਾ ਹੈ ਇਸ ਬਾਰੇ ਸੋਚ ਅਤੇ ਸਮਝ ਪੈਦਾ ਕਰਕੇ ਇਨ੍ਹਾਂ ਲੋਕਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਤੱਕ ਲਿਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਹਾਕਮ ਵਰਗ ਦੇ ਕੂੜ ਅਤੇ ਦੁਸ਼ਟ ਪ੍ਰਚਾਰ ਦਾ ਭਾਂਡਾ ਭੰਨ੍ਹਣ ਲਈ ਲੇਖ ਅਤੇ ਕਿਤਾਬਾਂ ਲਿਖਣੀਆਂ ਚਾਹੀਦੀਆਂ ਹਨ। ਆਪਣੇ ਵਿਚਾਰਾਂ ਨੂੰ ਮੀਡੀਆ ਰਾਹੀਂ ਲੋਕਾਂ ਤੱਕ ਲਿਜਾਣਾ ਚਾਹੀਦਾ ਹੈ ਤਾਂ ਕਿ ਦੇਸ਼ ਵਿਚ ਲੋਕ-ਪੱਖੀ, ਧਰਮ-ਨਿਰਪੱਖ ਅਤੇ ਜਾਤਪਾਤ/ਲਿੰਗ ਵਿਤਕਰੇ ਰਹਿਤ ਜਮਹੂਰੀ ਸਮਾਜ ਦੇ ਵਿਕਾਸ ਵਾਸਤੇ ਮਾਹੌਲ ਤਿਆਰ ਕੀਤਾ ਜਾਵੇ।



ਇਤਿਹਾਸਕ ਲਾਲ ਕਿਲ੍ਹਾ ਜਿਥੋਂ ਆਜ਼ਾਦੀ ਦਿਵਸ 'ਤੇ ਪ੍ਰਧਾਨ ਮੰਤਰੀ ਕੌਮ ਨੂੰ ਸੰਬੋਧਨ ਕਰਦੇ ਹਨ

# ਆਜ਼ਾਦੀ ਦਿਹਾੜਾ : ਇਕੱਲਾ ਭਾਰਤ ਹੀ ਨਹੀਂ, ਸਗੋਂ 15 ਅਗਸਤ ਨੂੰ ਇਹ ਦੇਸ਼ ਵੀ ਹੋਏ ਸਨ ਆਜ਼ਾਦ



15 ਅਗਸਤ ਦੀ ਤਾਰੀਖ਼ ਭਾਰਤ ਲਈ ਇਕ ਵੱਡਾ ਰਾਸ਼ਟਰੀ ਤਿਉਹਾਰ ਹੈ। ਇਤਿਹਾਸ ਦੇ ਪੰਨਿਆਂ 'ਚ 15 ਅਗਸਤ ਦੇਸ਼ ਦੀ ਸਭ ਤੋਂ ਵੱਡੀ ਜਿੱਤ, ਉਪਲੱਬਧੀ ਦੇ ਤੌਰ 'ਤੇ ਸ਼ਾਮਲ ਹੈ। ਇਸ ਦਿਨ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਮਿਲੀ ਸੀ ਅਤੇ ਭਾਰਤ ਸੁਤੰਤਰ ਹੋ ਗਿਆ ਸੀ। ਦਰਅਸਲ ਇਸ ਤੋਂ ਪਹਿਲਾਂ ਰਾਜਾ-ਮਹਾਰਾਜਿਆਂ ਦੇ ਦੌਰ 'ਚ ਈਸਟ ਇੰਡੀਆ ਕੰਪਨੀ ਭਾਰਤ 'ਚ ਆਈ, ਜਿਸ ਨੇ ਇਥੇ ਆਪਣੀ ਥਾਂ ਅਤੇ ਹੁਕੂਮਤ ਬਣਾ ਲਈ। ਉਸ ਤੋਂ ਬਾਅਦ ਬ੍ਰਿਟਿਸ਼ ਸਰਕਾਰ ਦਾ ਰਾਜ ਭਾਰਤ 'ਚ ਚੱਲਣ ਲੱਗਾ। ਆਪਣੇ ਹੀ ਦੇਸ਼ 'ਚ ਭਾਰਤੀ ਗੁਲਾਮ ਬਣ ਕੇ ਰਹਿ ਗਏ, ਜੋ ਬ੍ਰਿਟਿਸ਼ ਹੁਕੂਮਤ ਦੇ ਆਦੇਸ਼ਾਂ ਦਾ ਪਾਲਨ ਕਰਨ ਲਈ ਮਜ਼ਬੂਰ ਸਨ। ਹਾਲਾਂਕਿ ਸੁਤੰਤਰਤਾ ਦੀ ਮੰਗ ਨੂੰ ਲੈ ਕੇ ਕਈ ਸੁਤੰਤਰਤਾ ਸੈਨਾਨੀਆਂ ਨੇ ਆਵਾਜ਼ ਚੁੱਕੀ ਅਤੇ ਅੰਤ 'ਚ 15 ਅਗਸਤ 1947 ਨੂੰ ਹਿੰਦੁਸਤਾਨ ਇਕ ਸੁਤੰਤਰ ਰਾਸ਼ਟਰ ਬਣ ਗਿਆ। ਇਸ ਦਿਨ ਨੂੰ ਹਰ ਸਾਲ ਸੁਤੰਤਰਤਾ ਦਿਵਸ ਦਾ ਜਸ਼ਨ ਮਨਾਉਂਦੇ ਹਨ। ਇਸ ਦੀ ਵਜ੍ਹਾ ਨਾਲ ਹੀ 15 ਅਗਸਤ ਦੇ ਦਿਨ ਭਾਰਤ ਤੋਂ ਇਲਾਵਾ ਕੁਝ ਹੋਰ ਦੇਸ਼ ਵੀ ਆਜ਼ਾਦ ਹੋਏ ਸਨ। ਆਓ ਜਾਣਦੇ ਹਾਂ 15 ਅਗਸਤ ਦੇ ਇਤਿਹਾਸ ਬਾਰੇ, ਭਾਰਤ ਸਮੇਤ ਕਿਹੜੇ ਦੇਸ਼ਾਂ 'ਚ 15 ਅਗਸਤ ਦੇ ਦਿਨ ਮਨਾਇਆ ਜਾਂਦਾ ਹੈ ਸੁਤੰਤਰਤਾ ਦਿਵਸ।

ਭਾਰਤ ਦੀ ਤਰ੍ਹਾਂ ਬਹਰੀਨ ਵੀ ਬ੍ਰਿਟੇਨ ਦੀ ਗੁਲਾਮੀ ਦੀਆਂ ਜੰਜ਼ੀਰਾਂ 'ਚ ਕੈਦ ਸੀ। ਬਾਅਦ 'ਚ ਬ੍ਰਿਟਿਸ਼ ਫੌਜ ਨੇ 1960 ਦੇ ਦਹਾਕੇ ਤੋਂ ਬਹਰੀਨ ਨੂੰ ਛੱਡਣਾ ਸ਼ੁਰੂ ਕਰ ਦਿੱਤਾ। ਬਹਰੀਨ ਅਤੇ ਬ੍ਰਿਟੇਨ ਦੇ ਵਿਚਾਲੇ 1971 'ਚ ਟ੍ਰੀਟੀ ਹੋਈ ਜਿਸ ਦੇ ਬਾਅਦ ਬਹਰੀਨ ਬ੍ਰਿਟਿਸ਼ ਹੁਕੂਮਤ ਤੋਂ ਆਜ਼ਾਦ ਹੋ ਗਿਆ। ਜਿਸ ਦਿਨ ਦੋਵਾਂ ਦੇਸ਼ਾਂ ਦੇ ਵਿਚਾਲੇ ਸਮਝੌਤਾ ਹੋਇਆ ਸੀ ਉਸ ਦਿਨ ਦੀ ਤਾਰੀਖ ਵੀ 15 ਅਗਸਤ ਸੀ। ਇਸ ਲਈ 15 ਅਗਸਤ 1971 ਬਹਰੀਨ ਦੀ ਆਜ਼ਾਦੀ ਦਾ ਦਿਨ ਹੈ। ਹਾਲਾਂਕਿ ਬਹਰੀਨ ਦੇ ਸ਼ਾਸਕ ਇਸਾ ਬਿਨ ਸਲਮਾਨ ਅਲ ਖਲੀਫੀ ਨੇ 16 ਦਸੰਬਰ ਨੂੰ ਬਹਰੀਨ ਦੀ ਗੱਦੀ ਹਾਸਲ ਕੀਤੀ ਸੀ। ਇਸ ਦਿਨ ਬਹਰੀਨ ਆਪਣੀ ਰਾਸ਼ਟਰੀ ਛੁੱਟੀ 16 ਦਸੰਬਰ ਨੂੰ ਮਨਾਉਂਦੀ ਹੈ। ਫਰੀਕੀ ਦੇਸ਼ ਕਾਂਗੋ ਫਰਾਂਸ ਨੇ 1880 'ਚ ਕਬਜ਼ਾ ਕਰ ਲਿਆ ਸੀ। ਕਈ ਸਾਲ ਗੁਲਾਮੀ ਦੀਆਂ ਜੰਜ਼ੀਰਾਂ 'ਚ ਕੈਦ ਕਾਂਗੋ 15 ਅਗਸਤ 1960 ਨੂੰ ਫਰਾਂਸ ਤੋਂ ਆਜ਼ਾਦ ਹੋ ਗਿਆ ਸੀ। ਆਜ਼ਾਦੀ ਦੇ ਬਾਅਦ ਕਾਂਗੋ, ਰਿਪਬਲਿਕ ਆਫ ਕਾਂਗੋ ਬਣ ਗਿਆ। ਇਹ ਦੇਸ਼ ਵੀ 15 ਅਗਸਤ ਨੂੰ ਆਪਣਾ ਸੁਤੰਤਰਤਾ ਦਿਵਸ ਮਨਾਉਂਦਾ ਹੈ। ਆਸਟ੍ਰੇਲੀਆ ਅਤੇ ਸਵਿਟਜ਼ਰਲੈਂਡ ਦੇ ਵਿਚਾਲੇ ਲਿਕਟੇਂਸਟੀਨ ਨਾਂ ਦਾ ਇਕ ਦੇਸ਼ ਵਸਿਆ ਹੈ, ਜੋ 1866 ਨੂੰ ਲਿਕਟੇਂਸਟੀਨ ਜਰਮਨੀ ਤੋਂ ਆਜ਼ਾਦ ਹੋ ਗਿਆ। ਬਾਅਦ 'ਚ 1940 ਤੋਂ ਲਿਕਟੇਂਸਟੀਨ ਨੇ 15 ਅਗਸਤ ਨੂੰ ਆਪਣਾ ਸੁਤੰਤਰਤਾ ਦਿਵਸ ਮਨਾਉਣ ਦੀ ਘੋਸ਼ਣਾ ਕੀਤੀ ਅਤੇ ਅਧਿਕਾਰਿਕ ਰਾਸ਼ਟਰੀ ਛੁੱਟੀ ਦਾ ਐਲਾਨ ਕੀਤਾ।

1945 ਤੋਂ ਪਹਿਲਾਂ ਦੱਖਣੀ ਕੋਰੀਆ 'ਤੇ ਜਾਪਾਨ ਦਾ ਕਬਜ਼ਾ ਸੀ। ਪਰ ਸੰਯੁਕਤ ਰਾਸ਼ਟਰ ਅਮਰੀਕਾ ਅਤੇ ਸੋਵੀਅਤ ਫੋਰਸੇਜ਼ ਨੇ ਦੱਖਣੀ ਕੋਰੀਆ ਨੂੰ ਜਾਪਾਨ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ। 15 ਅਗਸਤ ਨੂੰ ਦੱਖਣੀ ਕੋਰੀਆ ਸੁਤੰਤਰ ਹੋਇਆ ਸੀ। ਸਾਊਥ ਕੋਰੀਆ ਦੇ ਲੋਕ ਆਪਣੇ ਸੁਤੰਤਰਤਾ ਦਿਵਸ ਨੂੰ ਰਾਸ਼ਟਰੀ ਛੁੱਟੀ ਦੇ ਤੌਰ 'ਤੇ ਮਨਾਉਂਦੇ ਹਾਂ। ਉੱਤਰੀ ਕੋਰੀਆਯ ਦੱਖਣੀ ਕੋਰੀਆ ਦੀ ਤਰ੍ਹਾਂ ਹੀ ਉੱਤਰ ਕੋਰੀਆ ਵੀ 15 ਅਗਸਤ 1945 ਨੂੰ ਆਜ਼ਾਦ ਹੋਇਆ ਸੀ। ਇਹ ਦੇਸ਼ ਵੀ ਜਾਪਾਨ ਦੇ ਅਧੀਨ ਸੀ। ਆਜ਼ਾਦੀ ਦੇ ਬਾਅਦ ਤੋਂ ਨਾਰਥ ਕੋਰੀਆ ਨੇ 15 ਅਗਸਤ ਨੂੰ ਨੈਸ਼ਨਲ ਹਾਲੀਡੇ ਦੇ ਤੌਰ 'ਤੇ ਮਨਾਉਣ ਦੀ ਘੋਸ਼ਣਾ ਕੀਤੀ। ਇਸ ਦਿਨ ਛੁੱਟੀ ਹੋਣ ਕਾਰਨ ਲੋਕ ਵਿਆਹ ਕਰਦੇ ਹਨ। ਨਾਰਥ ਕੋਰੀਆ 'ਚ 15 ਅਗਸਤ ਨੂੰ ਦਿਨ ਛੁੱਟੀ ਅਤੇ ਵਿਆਹ ਦੇ ਦਿਨ ਦੇ ਤੌਰ 'ਤੇ ਮਨਾਉਣ ਦੀ ਪਰੰਪਰਾ ਬਣ ਚੁੱਕੀ ਹੈ।

# ਜਾਰੀ ਹੈ ਚੰਗੇ ਦਿਨਾਂ ਦੀ ਉਡੀਕ

**ਜਸਪਾਲ ਸਿੰਘ (ਬਿੱਟੂ ਚੀਮਾ)**

ਭਾਰਤ ਨੂੰ ਆਜ਼ਾਦ ਹੋਇਆਂ ਸੱਤ ਦਹਾਕੇ ਹੋ ਗਏ ਹਨ ਪਰ ਅਜੇ ਵੀ ਬਹੁਗਿਣਤੀ ਵਸੋਂ ਇਸ ਦੇ ਨਿੱਘ ਤੋਂ ਵਾਂਝੀ ਹੈ। ਅਸਲ ਵਿਚ ਲੋਕਰਾਜ ਇਕ ਤਰ੍ਹਾਂ ਨਾਲ ਵੋਟ ਰਾਜ ਹੀ ਬਣਦਾ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿਚ ਵਿਕਾਸ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਸਮਾਜਿਕ ਅਤੇ ਆਰਥਿਕ ਬਰਾਬਰੀ ਦੀ ਥਾਂ ਇਸ ਵਿਚ ਵਾਧਾ ਹੋਇਆ ਹੈ। ਅਸਲ ਵਿਚ ਦੋ ਭਾਰਤ ਹੋਂਦ ਵਿਚ ਆ ਰਹੇ ਹਨ। ਅਮੀਰ ਭਾਰਤ ਅਤੇ ਆਮ ਲੋਕਾਂ ਦਾ ਭਾਰਤ। ਦੇਸ਼ ਦੀ ਕੋਈ ਇਕ ਤਿਹਾਈ ਵਸੋਂ ਦਾ ਦੇਸ਼ ਦੇ ਤਿੰਨ ਦਹਾਈ ਵਸੀਲਿਆਂ ਉੱਤੇ ਕਬਜ਼ਾ ਹੈ। ਉਨ੍ਹਾਂ ਕੋਲ ਜੀਵਨ ਦੀਆਂ ਸਾਰੀਆਂ ਸੁਖ ਸੁਵਿਧਾਵਾਂ ਹਨ। ਡਾ: ਬੀ. ਆਰ. ਅੰਬੇਡਕਰ ਨੇ ਸੰਵਿਧਾਨ ਸਬੰਧੀ ਜਿਹੜਾ ਆਖਰੀ ਭਾਸ਼ਣ ਦਿੱਤਾ ਸੀ, ਉਸ ਵਿਚ ਉਨ੍ਹਾਂ ਆਖਿਆ ਸੀ ਜੇਕਰ ਸਹੀ ਅਰਥਾਂ ਵਿਚ ਲੋਕ ਰਾਜ ਸਥਾਪਿਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਤਿੰਨ ਗੱਲਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਪਹਿਲੀ ਗੱਲ ਜਿਹੜੀ ਉਨ੍ਹਾਂ ਆਖੀ ਸੀ ਕਿ ਆਜ਼ਾਦੀ ਦਾ ਨਿੱਘ ਸਾਰੇ ਦੇਸ਼ ਵਾਸੀਆਂ ਨੂੰ ਮਿਲ ਸਕੇ, ਇਸ ਕਰਕੇ ਸਾਨੂੰ ਸਮਾਜਿਕ ਅਤੇ ਆਰਥਿਕ ਪਾੜੇ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨਾ ਹੋਵੇਗਾ।

ਲੋਕਾਂ ਵੱਲੋਂ ਇਸ ਦੀ ਪ੍ਰਾਪਤੀ ਲਈ ਸੰਵਿਧਾਨਿਕ ਢੰਗ-ਤਰੀਕਿਆਂ ਦੀ ਹੀ ਵਰਤੋਂ ਕਰਨੀ ਪਵੇਗੀ। ਜੇਕਰ ਕਾਨੂੰਨ ਆਪਣੇ ਹੱਥ ਵਿਚ ਲੈ ਕੇ ਕੁਝ ਕੀਤਾ ਜਾਵੇਗਾ ਤਾਂ ਦੇਸ਼ ਵਿਚ ਅਰਾਜਕਤਾ ਫੈਲ ਜਾਵੇਗੀ। ਦੂਜਾ ਉਨ੍ਹਾਂ ਆਖਿਆ ਸੀ ਲੋਕਰਾਜ ਵਿਚ ਨੇਤਾਵਾਂ ਦਾ ਜਾਂ ਚੰਗੇ ਕੰਮ ਕਰਨ ਵਾਲਿਆਂ ਦਾ ਸਤਿਕਾਰ ਤਾਂ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ, ਫਿਰ ਤਾਂ ਅਸਿੱਧੇ ਤੌਰ 'ਤੇ ਸ਼ਖਸੀ ਰਾਜ ਹੀ ਹੋ ਜਾਵੇਗਾ। ਤੀਜਾ ਸੁਝਾਅ ਸੀ ਕਿ ਸਾਨੂੰ ਆਪਣੇ ਇਲਾਕੇ, ਜਾਤ ਜਾਂ ਧਰਮ ਤੋਂ ਉੱਚੇ ਉੱਠ ਕੇ ਆਪਣੇ-ਆਪ ਨੂੰ ਭਾਰਤੀ ਸਮਝਣਾ ਚਾਹੀਦਾ ਹੈ। ਜਦੋਂ ਤੱਕ ਅਸੀਂ ਆਪਣੇ-ਆਪ ਨੂੰ ਭਾਰਤੀ ਨਹੀਂ ਮੰਨਦੇ, ਉਦੋਂ ਤੱਕ ਬਰਾਬਰੀ ਦਾ ਅਹਿਸਾਸ ਨਹੀਂ ਹੋਵੇਗਾ ਤੇ ਦੇਸ਼ ਭਗਤੀ ਨਹੀਂ ਜਾਗੇਗੀ। ਪਰ ਅਜਿਹਾ ਨਹੀਂ ਹੋ ਰਿਹਾ ਹੈ। ਇਕ ਰਿਪੋਰਟ ਅਨੁਸਾਰ ਦੇਸ਼ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਧਰਮ ਦੇ ਨਾਂਅ ਉੱਤੇ ਹੋਏ ਦੰਗਿਆਂ ਵਿਚ 41 ਫੀਸਦੀ ਵਾਧਾ ਹੋਇਆ ਹੈ।




ਉਨ੍ਹਾਂ ਇਹ ਵੀ ਆਖਿਆ ਸੀ ਹੁਣ ਤੱਕ ਅਸੀਂ ਸਾਰੀਆਂ ਊਣਤਾਈਆਂ ਦਾ ਦੋਸ਼ ਅੰਗਰੇਜ਼ਾਂ ਦੇ ਸਿਰ ਮੜ੍ਹਦੇ ਰਹੇ ਹਾਂ ਪਰ ਹੁਣ ਇਹ ਦੋਸ਼ ਕਿਸੇ ਹੋਰ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਇਸ ਦੀ ਸਾਨੂੰ ਜ਼ਿੰਮੇਵਾਰੀ ਲੈ ਕੇ ਆਪਣੇ-ਆਪ ਨੂੰ ਸੁਧਾਰਨਾ ਪਵੇਗਾ। ਇਹ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਅਸੀਂ ਲੋਕਰਾਜ ਅਤੇ ਦੇਸ਼ ਪ੍ਰੇਮ ਨੂੰ ਪ੍ਰਪੱਕ ਕਰਨ ਦੀ ਥਾਂ ਇਸ ਨੂੰ ਕਮਜ਼ੋਰ ਹੀ ਕੀਤਾ ਹੈ। ਹੁਣ ਬਹੁਤੇ ਆਗੂ ਲੋਕ ਸੇਵਾ ਲਈ ਰਾਜਨੀਤੀ ਵਿਚ ਨਹੀਂ ਆ ਰਹੇ, ਸਗੋਂ ਤਾਕਤ ਪ੍ਰਾਪਤੀ ਲਈ ਆ ਰਹੇ ਹਨ। ਇਸ ਕਰਕੇ ਚੋਣਾਂ ਜਿੱਤਣ ਲਈ ਹਰ ਤਰ੍ਹਾਂ ਦੇ ਸਹੀ-ਗਲਤ ਢੰਗ ਅਪਣਾ ਰਹੇ ਹਾਂ। ਇਸ ਨਾਲ ਭ੍ਰਿਸ਼ਟਾਚਾਰ ਵਿਚ ਵਾਧਾ ਹੋਇਆ ਹੈ। ਅਜੇ ਵੀ ਅਸੀਂ ਧਰਮ, ਜਾਤ ਜਾਂ ਇਲਾਕੇ ਦੇ ਨਾਂਅ ਉੱਤੇ ਰਾਜਨੀਤੀ ਕਰਦੇ ਹਾਂ ਅਤੇ ਦੇਸ਼ ਬਾਰੇ ਸੋਚਣ ਦੀ ਕਿਸੇ ਕੋਲ ਵਿਹਲ ਹੀ ਨਹੀਂ ਹੈ। ਆਜ਼ਾਦੀ ਦੇ ਮੁੱਢਲੇ ਸਾਲਾਂ ਵਿਚ ਆਗੂਆਂ ਅੰਦਰ ਸੇਵਾ ਦੀ ਲਗਨ ਸੀ। ਉਹ ਤੇ ਸਰਕਾਰੀ ਕਰਮਚਾਰੀ ਇਮਾਨਦਾਰੀ ਨਾਲ ਕੰਮ ਕਰਦੇ ਸਨ। ਸਮੇਂ ਦੇ ਬੀਤਣ ਨਾਲ ਇਹ ਪ੍ਰਪੱਕ ਹੋਣ ਦੀ ਥਾਂ ਖਤਮ ਹੋ ਰਿਹਾ ਹੈ। ਆਗੂ ਤਾਕਤ ਦੇ ਨਸ਼ੇ ਵਿਚ ਅਜਿਹੇ ਨਸ਼ਈ ਹੋ ਗਏ ਹਨ ਕਿ ਵਿਗੜੇ ਹੋਏ ਅੰਗਰੇਜ਼ ਅਫ਼ਸਰਾਂ ਵਾਂਗ ਵਿਚਰਦੇ ਹਨ। ਸਰਕਾਰੀ ਕਾਨੂੰਨ ਦੀ ਉਨ੍ਹਾਂ ਲਈ ਕੋਈ ਕਦਰ ਨਹੀਂ ਹੈ।

ਗੁਆਂਢੀ ਦੇਸ਼ਾਂ ਨਾਲ ਵੀ ਸਬੰਧ ਸੁਖਾਵੇਂ ਨਹੀਂ ਹਨ। ਮਾਲੀ ਸਹਾਇਤਾ ਦਾ ਵੀ ਕੋਈ ਬਹੁਤਾ ਲਾਭ ਨਹੀਂ ਹੋਇਆ। ਇਸ ਕਰਕੇ ਲੋਕ ਭਲਾਈ ਕਾਰਜਾਂ ਲਈ ਰਕਮ ਖਰਚ ਕਰਨ ਦੀ ਥਾਂ ਫੌਜੀ ਸਾਜੋ-ਸਾਮਾਨ ਉੱਤੇ ਵਧੇਰੇ ਖਰਚ ਹੋ ਰਿਹਾ ਹੈ। ਉੱਨਤ ਦੇਸ਼ ਤਾਂ ਚਾਹੁੰਦੇ ਹੀ ਹਨ, ਕਿਉਂਕਿ ਉਨ੍ਹਾਂ ਆਪਣਾ ਫੌਜੀ ਸਾਜੋ-ਸਾਮਾਨ ਵੇਚਣਾ ਹੁੰਦਾ ਹੈ।

ਗਰੀਬੀ ਹਟਾਉਣ ਦੇ ਪ੍ਰੋਗਰਾਮ ਵਿਚ ਵੀ ਕੋਈ ਸਫਲਤਾ ਪ੍ਰਾਪਤ ਨਹੀਂ ਹੋ ਸਕੀ। ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਅਨਾਜ ਵਿਚ ਆਤਮ-ਨਿਰਭਰ ਭਾਰਤ ਵਿਚ ਹਰ ਸਾਲ 5 ਸਾਲ ਤੋਂ ਘੱਟ ਉਮਰ ਦੇ 10 ਲੱਖ ਬੱਚਿਆਂ ਦੀ ਭੁੱਖ ਕਾਰਨ ਮੌਤ ਹੁੰਦੀ ਹੈ, ਜਿਸ ਕਰਕੇ ਸਾਡਾ ਦੇਸ਼ ਪੂਰੇ ਏਸ਼ੀਆ ਵਿਚ ਸਭ ਤੋਂ ਪਿੱਛੇ ਹੈ। ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭੁੱਖਮਰੀ ਵਾਲੀ ਕੁੱਲ ਅਬਾਦੀ ਵਿਚੋਂ ਇਕ ਚੌਥਾਈ ਜਨਸੰਖਿਆ ਭਾਰਤ ਵਿਚ ਰਹਿ ਰਹੀ ਹੈ। ਭਾਰਤ ਦੇ ਕਰੀਬ 21.25 ਫੀਸਦੀ ਟੱਬਰ ਪ੍ਰਤੀ ਦਿਨ ਦੋ ਡਾਲਰ ਤੋਂ ਘੱਟ 'ਤੇ ਗੁਜ਼ਾਰਾ ਕਰ ਰਹੇ ਹਨ। ਸਾਡੇ ਦੇਸ਼ ਵਿਚ 55.3 ਫੀਸਦੀ ਔਰਤਾਂ ਤੇ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ। ਸੰਸਾਰ ਦੇ 118 ਦੇਸ਼ਾਂ ਵਿਚ ਭੁੱਖਮਰੀ ਅਨੁਸਾਰ ਭਾਰਤ ਦਾ 97ਵਾਂ ਨੰਬਰ ਹੈ।

ਸੰਸਦ ਵਿਚ ਦੇਸ਼ ਅਤੇ ਲੋਕਾਂ ਦੀਆਂ ਸਮੱਸਿਆਵਾਂ ਉੱਤੇ ਗੰਭੀਰ ਚਰਚਾ ਦੀ ਥਾਂ ਸਾਂਸਦ ਹੰਗਾਮਾ ਕਰਦੇ ਹਨ ਤੇ ਸੰਸਦ ਤੋਂ ਬਾਹਰ ਆ ਜਾਂਦੇ ਹਨ। ਪਿੱਛੋਂ ਸਰਕਾਰੀ ਧਿਰ ਬਿਨਾਂ ਕਿਸੇ ਬਹਿਸ ਤੋਂ ਆਪਣੇ ਸਾਰੇ ਬਿੱਲ ਪਾਸ ਕਰ ਲੈਂਦੀ ਹੈ। ਇਹ ਲੋਕਰਾਜ ਨਹੀਂ, ਸਗੋਂ ਜੰਗਲ ਰਾਜ ਹੈ।

ਦੇਸ਼ ਨੂੰ ਇਸ ਤੱਥ ਉੱਤੇ ਮਾਣ ਹੈ ਕਿ ਇਥੇ 18 ਸਾਲ ਦੀ ਉਮਰ ਤੱਕ ਬੱਚਿਆਂ ਦੀ ਗਿਣਤੀ 45 ਕਰੋੜ ਹੈ। ਇੰਜ ਸੰਸਾਰ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ ਸਾਡੇ ਕੋਲ ਸਭ ਤੋਂ ਵੱਧ ਯੁਵਾ ਸ਼ਕਤੀ ਹੈ। ਇਸੇ ਸ਼ਕਤੀ ਦੇ ਸਹਾਰੇ ਅਸੀਂ ਸੰਸਾਰ ਦੀ ਮਹਾਂਸ਼ਕਤੀ ਬਣਨ ਦੇ ਸੁਪਨੇ ਵੇਖ ਰਹੇ ਹਾਂ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਦੋਂ ਤੱਕ ਵਸੋਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਨਹੀਂ ਹੁੰਦਾ, ਉਦੋਂ ਤੱਕ ਇਹ ਸ਼ਕਤੀ ਨਹੀਂ, ਸਗੋਂ ਦੁਖਦਾਈ ਭਾਰ ਬਣ ਜਾਂਦਾ ਹੈ। ਇਸ ਗਿਣਤੀ ਵਿਚੋਂ ਚੌਥੇ ਹਿੱਸੇ ਨੇ ਕਦੇ ਸਕੂਲ ਦਾ ਮੂੰਹ ਹੀ ਨਹੀਂ ਵੇਖਿਆ। ਇਸੇ ਰਿਪੋਰਟ ਵਿਚ ਇਹ ਵੀ ਲਿਖਿਆ ਹੈ ਕਿ ਜਿਹੜੇ ਬੱਚੇ ਸਕੂਲ ਜਾਂਦੇ ਹਨ, ਉਨ੍ਹਾਂ ਵਿਚੋਂ 100 ਵਿਚੋਂ ਕੇਵਲ 32 ਬੱਚੇ ਹੀ ਸਕੂਲੀ ਵਿੱਦਿਆ ਪੂਰੀ ਕਰਦੇ ਹਨ। ਨੌਜਵਾਨਾਂ ਨੂੰ ਹੁਨਰੀ ਬਣਾਉਣ ਦੀ ਮੁਹਿੰਮ ਤਾਂ ਸ਼ੁਰੂ ਕੀਤੀ ਗਈ ਹੈ ਪਰ ਕੀ ਉਹ ਸੱਚਮੁੱਚ ਹੁਨਰੀ ਬਣ ਰਹੇ ਹਨ? ਜਦੋਂ ਤਕ ਪ੍ਰੋਗਰਾਮਾਂ ਨੂੰ ਨਵਾਂ ਰੂਪ ਦੇ ਕੇ ਸੱਚਮੁੱਚ ਹੁਨਰੀ ਨਹੀਂ ਬਣਾਇਆ ਜਾਂਦਾ, ਉਹ ਆਪਣੇ ਪੈਰਾਂ ਉੱਤੇ ਖੜ੍ਹੇ ਨਹੀਂ ਹੋ ਸਕਦੇ।

ਨੌਕਰਸ਼ਾਹੀ ਅਤੇ ਰਾਜਸੀ ਆਗੂਆਂ ਦੇ ਕੰਮਕਾਜ ਵਿਚ ਵੀ ਕੋਈ ਤਬਦੀਲੀ ਨਹੀਂ ਆਈ। ਪਹਿਲੀ ਵਾਰ ਯੂ.ਪੀ. ਦੇ ਮੁੱਖ ਮੰਤਰੀ ਨੇ ਕੁਝ ਯਤਨ ਕੀਤੇ ਹਨ। ਵੱਡੀ ਪੱਧਰ ਉੱਤੇ ਹੋਏ ਘੁਟਾਲਿਆਂ ਦਾ ਆਮ ਲੋਕਾਂ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਉਨ੍ਹਾਂ ਨੂੰ ਦਫ਼ਤਰਾਂ ਵਿਚ ਰਿਸ਼ਵਤ ਪਹਿਲਾਂ ਵਾਂਗ ਹੀ ਦੇਣੀ ਪੈਂਦੀ ਹੈ, ਅਫਸਰਾਂ ਤੇ ਆਗੂਆਂ ਨੂੰ ਮਾਈ ਬਾਪ ਕਹਿਣਾ ਪੈਂਦਾ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਹੁਰਾਂ ਲਾਲ ਬੱਤੀ, ਝੰਡੀ ਅਤੇ ਸੁਰੱਖਿਆ ਲੈਣ ਤੋਂ ਨਾਂਹ ਕਰਕੇ ਸੱਚਮੁੱਚ ਲੋਕ ਸੇਵਕ ਹੋਣ ਦਾ ਸਬੂਤ ਦਿੱਤਾ ਹੈ, ਕਿਉਂਕਿ ਲਾਲ ਬੱਤੀ ਅਤੇ ਝੰਡੀ ਗੁਲਾਮੀ ਦੀ ਨਿਸ਼ਾਨੀ ਹੈ। ਵਿਦੇਸ਼ੀ ਹਾਕਮ ਤੇ ਰਾਜੇ-ਮਹਾਰਾਜੇ ਇਸੇ ਤਰ੍ਹਾਂ ਸੜਕ ਉੱਤੇ ਸ਼ੋਰ ਮਚਾਉਂਦੇ ਹੋਏ ਲੰਘਦੇ ਸਨ, ਤਾਂ ਜੋ ਲੋਕੀਂ ਰਸਤਾ ਛੱਡ ਕੇ ਸਿਰ ਨੀਵਾਂ ਕਰਕੇ ਖੜ੍ਹੇ ਹੋ ਜਾਣ। ਆਜ਼ਾਦੀ ਪਿੱਛੋਂ ਇਹ ਬੰਦ ਹੋਣਾ ਚਾਹੀਦਾ ਸੀ ਪਰ ਸਮੇਂ ਨਾਲ ਇਸ ਵਿਚ ਵਾਧਾ ਹੋਇਆ ਹੈ। ਮੋਦੀ ਸਰਕਾਰ ਨੇ ਵੀ ਇਸ ਪ੍ਰੰਪਰਾ ਨੂੰ ਬੰਦ ਕਰਕੇ ਸ਼ਲਾਘਾਯੋਗ ਫੈਸਲਾ ਕੀਤਾ ਹੈ, ਪਰ ਜਦੋਂ ਤੱਕ ਆਗੂਆਂ ਤੇ ਅਫਸਰਾਂ ਦੀ ਸੋਚ ਨਹੀਂ ਬਦਲਦੀ, ਉਦੋਂ ਤੱਕ ਇਸ ਦਾ ਕੋਈ ਵੱਡਾ ਲਾਭ ਨਹੀਂ ਹੋਵੇਗਾ। ਲੋਕ ਰਾਜ ਵਿਚ ਲੋਕ ਹੀ ਮਾਲਕ ਹੁੰਦੇ ਹਨ। ਕਰਮਚਾਰੀ ਲੋਕਾਂ ਦੇ ਨੌਕਰ ਹਨ ਤੇ ਉਨ੍ਹਾਂ ਦੀ ਸੇਵਾ ਕਰਨੀ ਮੁਲਾਜ਼ਮਾਂ ਦਾ ਧਰਮ ਹੈ।

ਬਜ਼ੁਰਗਾਂ ਦਾ ਹਾਲ ਵੀ ਮਾੜਾ ਹੀ ਹੈ। ਉਹ ਆਪਣੀ ਬੱਚਤ ਤੋਂ ਪ੍ਰਾਪਤ ਵਿਆਜ ਨਾਲ ਗੁਜ਼ਾਰਾ ਕਰਦੇ ਹਨ ਪਰ ਵਿਆਜ ਦਰ ਹਰ ਵਰ੍ਹੇ ਘਟ ਰਹੀ ਹੈ। ਦੇਸ਼ ਦੇ ਸਾਰੇ ਬੱਚਿਆਂ ਨੂੰ ਵਿਕਾਸ ਦੇ ਮੌਕੇ ਬਰਾਬਰ ਮਿਲਣੇ ਚਾਹੀਦੇ ਹਨ। ਸੜਕਾਂ, ਪੁਲ, ਵੱਡੇ ਪ੍ਰਾਜੈਕਟ ਜ਼ਰੂਰੀ ਹਨ ਪਰ ਮਨੁੱਖੀ ਵਸੀਲਿਆਂ ਦੇ ਵਿਕਾਸ ਤੋਂ ਬਗੈਰ ਦੇਸ਼ ਕਦੇ ਵੀ ਵਿਕਸਤ ਨਹੀਂ ਹੋ ਸਕਦਾ। ਸਰਕਾਰੀ ਸਕੂਲ ਵਿਸ਼ੇਸ਼ ਕਰਕੇ ਪਿੰਡਾਂ ਦੇ ਸਕੂਲਾਂ ਨੂੰ ਨਿੱਜੀ ਸਕੂਲਾਂ ਦੇ ਹਾਣੀ ਬਣਾਇਆ ਜਾਵੇ। ਬੱਚਿਆਂ ਨੂੰ ਤਕਨੀਕੀ ਸਿਖਲਾਈ ਅਮਲੀ ਰੂਪ ਵਿਚ ਦਿੱਤੀ ਜਾਵੇ, ਤਾਂ ਜੋ ਇਸ ਨੂੰ ਪੂਰਾ ਕਰਨ ਪਿੱਛੋਂ ਬੱਚਿਆਂ ਵਿਚ ਏਨਾ ਹੁਨਰ ਵਿਕਸਤ ਹੋ ਜਾਵੇ ਕਿ ਉਹ ਹੌਸਲੇ ਨਾਲ ਨਿੱਜੀ ਕਾਰੋਬਾਰ ਸ਼ੁਰੂ ਕਰ ਲੈਣ।

ਦੇਸ਼ ਦੀ ਘੱਟੋ-ਘੱਟ ਅੱਧੀ ਆਬਾਦੀ ਨੇ ਖੇਤੀ ਉੱਤੇ ਹੀ ਨਿਰਭਰ ਰਹਿਣਾ ਹੈ। ਕਿਸਾਨਾਂ ਦੀ ਆਮਦਨ ਵਿਚ ਵਾਧੇ ਲਈ ਖੇਤੀ ਵਿਭਿੰਨਤਾ ਜ਼ਰੂਰੀ ਹੈ ਪਰ ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਉਨ੍ਹਾਂ ਨੂੰ ਆਪਣੀ ਉਪਜ ਦਾ ਪੂਰਾ ਮੁੱਲ ਮਿਲ ਸਕੇ। ਹੁਣ ਉਨ੍ਹਾਂ ਦੀ ਉਪਜ ਮੰਡੀਆਂ ਵਿਚ ਰੁਲਦੀ ਹੈ। ਕੁਦਰਤੀ ਮਾਰ ਸਮੇਂ ਕਿਸਾਨਾਂ ਦੀ ਬਾਂਹ ਫੜੀ ਜਾਵੇ। ਇਹ ਕੰਮ ਨਿੱਜੀ ਬੀਮਾ ਕੰਪਨੀਆਂ ਦੀ ਥਾਂ ਸਰਕਾਰ ਨੂੰ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਸਨਅਤ ਨੂੰ ਉਤਸ਼ਾਹਤ ਕੀਤਾ ਜਾਵੇ। ਵੱਡੇ ਕਾਰਖਾਨਿਆਂ ਦੀ ਥਾਂ ਪਿੰਡਾਂ ਵਿਚ ਕਾਰਖਾਨੇ ਲਗਾਏ ਜਾਣ ਤੇ ਇਨ੍ਹਾਂ ਵਿਚ ਪਿੰਡ ਵਾਸੀਆਂ ਨੂੰ ਹੀ ਕੰਮ ਉੱਤੇ ਰੱਖਿਆ ਜਾਵੇ। ਛੋਟਾ ਕਿਸਾਨ ਜਾਂ ਖੇਤ ਮਜ਼ਦੂਰ ਨਿਰਾ ਖੇਤੀ ਉੱਤੇ ਨਿਰਭਰ ਰਹਿਣ ਨਾਲ ਗਰੀਬੀ ਤੋਂ ਉੱਤੇ ਨਹੀਂ ਉਠ ਸਕੇਗਾ। ਸਰਕਾਰਾਂ ਆਪਣਾ ਗੁਣਗਾਨ ਕਰਨ ਲਈ ਬਹੁਤ ਸਾਰਾ ਪੈਸਾ ਖਰਚ ਕਰਦੀਆਂ ਹਨ।

ਪ੍ਰਚਾਰ ਉੱਤੇ ਕੀਤੇ ਜਾ ਰਹੇ ਖਰਚ ਨੂੰ ਜੇਕਰ ਵਿੱਦਿਆ ਸੁਧਾਰ ਉੱਤੇ ਹੀ ਖਰਚ ਕੀਤਾ ਜਾਵੇ ਤਾਂ ਨਤੀਜੇ ਬਹੁਤ ਹੀ ਸਾਰਥਕ ਪ੍ਰਾਪਤ ਹੋਣਗੇ। ਦੇਸ਼ ਵਿਚ ਬੇਚੈਨੀ ਵਧ ਰਹੀ ਹੈ। 70 ਸਾਲਾਂ ਤੋਂ ਚੰਗੇ ਦਿਨਾਂ ਦੀ ਉਡੀਕ ਕਰ ਰਹੇ ਲੋਕ ਹੁਣ ਬੇਚੈਨ ਹੋਣ ਲੱਗ ਪਏ ਹਨ।

# 'ਹਰ ਘਰ ਤਿਰੰਗਾ' ਅਭਿਆਨ ਤਹਿਤ ਪੀਆਈਬੀ ਨੇ ਵਿੱਢੀ ਮੁਹਿੰਮ

**ਜਲੰਧਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਅਜ਼ਾਦੀ ਦੀ 79ਵੀਂ ਵਰ੍ਹੇਗੰਢ ਮੌਕੇ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਤਹਿਤ ਸ਼ੁਰੂ ਕੀਤੀ ਗਈ ਹਰ ਘਰ ਤਿਰੰਗਾ ਮੁਹਿੰਮ ਨੂੰ ਦੇਸ਼ ਭਰ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪ੍ਰਧਾਨਮੰਤਰੀ ਨਰਿੰਦਰ ਮੋਦੀ ਦੀ ਅਗੁਵਾਈ ਹੇਠ ਚਲਾਈ ਜਾ ਰਹੀ 'ਹਰ ਘਰ ਤਿਰੰਗਾ' ਮੁਹਿੰਮ ਵਿੱਚ ਹਰ ਦੇਸ਼ ਵਾਸੀ ਉਤਸ਼ਾਹ ਨਾਲ ਹਿੱਸਾ ਲੈ ਰਿਹਾ ਹੈ। ਇਸੇ ਲੜੀ ਤਹਿਤ ਬੁੱਧਵਾਰ ਨੂੰ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਪੱਤਰ ਸੂਚਨਾ ਦਫਤਰ, ਜਲੰਧਰ ਵੱਲੋਂ 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਤਿਰੰਗਾ ਲਹਿਰਾਇਆ ਗਿਆ।

ਇਸ ਮੌਕੇ ਪੀਆਈਬੀ ਜਲੰਧਰ ਦੇ ਮੁਖੀ ਗੁਰਮੀਤ ਸਿੰਘ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਮੁੱਖ ਮਕਸਦ ਲੋਕਾਂ ਵਿੱਚ ਕੌਮੀ ਤਿਰੰਗੇ ਦੀ ਭਾਵਨਾ ਨੂੰ ਹੋਰ ਡੂੰਘਾ ਕਰਨਾ ਹੈ। ਜਦੋਂ ਹਰ ਘਰ 'ਤੇ ਤਿਰੰਗਾ ਲਹਿਰਾਏਗਾ, ਤਾਂ ਇਹ ਸਾਨੂੰ ਆਪਣੀ ਸਾਂਝੀ ਪਛਾਣ ਅਤੇ ਦੇਸ਼ ਪ੍ਰਤੀ ਫ਼ਰਜ਼ਾਂ ਦੀ ਯਾਦ ਦਿਵਾਏਗਾ। ਇਸ ਮੌਕੇ ਸੂਚਨਾ ਸਹਾਇਕ ਸੁਖਦੀਪ ਸਿੰਘ ਨੇ ਕਿਹਾ ਕਿ ਸਾਡਾ ਦੇਸ਼ ਉਦੋਂ ਹੋਰ ਤੇਜ਼ੀ ਨਾਲ ਤਰੱਕੀ ਕਰੇਗਾ, ਜਦੋਂ ਸਾਰੇ ਦੇਸ਼ਵਾਸੀਆਂ ਅੰਦਰ ਏਕਤਾ ਦੀ ਭਾਵਨਾ ਡੂੰਘੇ ਤੌਰ 'ਤੇ ਪ੍ਰਫੁੱਲਿਤ ਹੋਵੇਗੀ ਅਤੇ ਹਰ ਘਰ ਤਿਰੰਗਾ ਮੁਹਿੰਮ ਇਸ 'ਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਵੱਲੋਂ ਹਰ ਘਰ ਤਿਰੰਗਾ ਮੁਹਿੰਮ ਨੂੰ ਘਰ ਘਰ ਪਹੁੰਚਾਉਣ ਸਬੰਧੀ ਇੱਕ ਸਹੁੰ ਵੀ ਚੁੱਕੀ ਗਈ।

ਜ਼ਿਕਰਯੋਗ ਹੈ ਕਿ ਦੇਸ਼ਵਾਸੀ ਇਸ ਮੁਹਿੰਮ ਤਹਿਤ ਆਪੋ-ਆਪਣੇ ਘਰਾਂ 'ਤੇ ਕੌਮੀ ਤਿਰੰਗਾ ਲਹਿਰਾ ਰਹੇ ਨੇ ਕਿਉਂਕਿ ਤਿਰੰਗਾ ਸਾਡੇ ਦੇਸ਼ ਦੀ ਸ਼ਾਨ ਦਾ ਪ੍ਰਤੀਕ ਹੈ। ਹਰ ਘਰ ਤਿਰੰਗਾ ਪਹਿਲਕਦਮੀ ਹਰ ਨਾਗਰਿਕ ਅੰਦਰ ਦੇਸ਼ ਭਗਤੀ ਦੀ ਡੂੰਘੀ ਭਾਵਨਾ ਪੈਦਾ ਕਰਨ ਅਤੇ ਸਾਡੇ ਕੌਮੀ ਝੰਡੇ ਦੀ ਮਹੱਤਤਾ ਦੀ ਵਧੇਰੇ ਸਮਝ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਸਾਲ 2022 ਵਿੱਚ ਸ਼ੁਰੂ ਹੋਈ ਇਹ ਮੁਹਿੰਮ ਦੇਸ਼ ਨੂੰ ਏਕਤਾ ਦੇ ਸੂਤਰ ਵਿੱਚ ਪਿਰੋਣ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਨੂੰ ਹੋਰ ਮਜ਼ਬੂਤੀ ਦੇਣ ਵਿੱਚ ਸਹਾਈ ਸਾਬਿਤ ਹੋਈ ਹੈ ਅਤੇ ਇਸਨੇ ਇਕ ਜਨ ਅੰਦੋਲਨ ਦਾ ਰੂਪ ਅਖਤਿਆਰ ਕਰ ਲਿਆ ਹੈ। ਇਹ ਅਭਿਆਨ ਦਰਸਾਉਂਦਾ ਹੈ ਕਿ ਅਣਗਿਣਤ ਆਜ਼ਾਦੀ ਘੁਲਾਟੀਆਂ ਨੇ ਆਪਣੇ ਤਿਆਗ, ਤਪ ਅਤੇ ਸਮਰਪਣ ਨਾਲ ਜਿਸ ਆਜ਼ਾਦ ਭਾਰਤ ਦਾ ਸੁਫ਼ਨਾ ਸਾਕਾਰ ਕੀਤਾ ਸੀ, ਉਸ ਨੂੰ ਵਿਕਸਿਤ ਅਤੇ ਸਰਬਸ਼੍ਰੇਸ਼ਠ ਬਣਾਉਣ ਲਈ 140 ਕਰੋੜ ਦੇਸ਼ਵਾਸੀ ਸੰਕਲਪਿਤ ਹਨ।

# ਭਗਵੰਤ ਮਾਨ ਫਰੀਦਕੋਟ ਵਿਖੇ ਲਹਿਰਾਉਣਗੇ ਤਿਰੰਗਾ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 79ਵੇਂ ਆਜ਼ਾਦੀ ਦਿਹਾੜੇ 'ਤੇ ਫਰੀਦਕੋਟ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣਗੇ। ਅੱਜ ਇੱਥੇ ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਨੇ ਵੱਖ-ਵੱਖ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਆਜ਼ਾਦੀ ਦਿਵਸ ਸਮਾਰੋਹ ਦੀ ਪ੍ਰਧਾਨਗੀ ਲਈ ਆਪਣੇ ਕੈਬਨਿਟ ਸਾਥੀਆਂ ਦੀ ਵੀ ਡਿਊਟੀ ਲਾਈ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਫਿਰੋਜ਼ਪੁਰ ਵਿਖੇ, ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਫਾਜ਼ਿਲਕਾ ਵਿਖੇ, ਵਿੱਤ ਮੰਤਰੀ ਹਰਪਾਲ ਚੀਮਾ ਰੂਪਨਗਰ ਵਿਖੇ, ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਲੁਧਿਆਣਾ ਵਿਖੇ, ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਐਸ.ਬੀ.ਐਸ. ਨਗਰ ਵਿਖੇ, ਉਦਯੋਗ ਮੰਤਰੀ ਸੰਜੀਵ ਅਰੋੜਾ ਸੰਗਰੂਰ ਵਿਖੇ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅੰਮ੍ਰਿਤਸਰ ਵਿਖੇ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਗੁਰਦਾਸਪੁਰ ਵਿਖੇ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਤਰਨ ਤਾਰਨ ਵਿਖੇ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਮਾਨਸਾ ਵਿਖੇ ਝੰਡਾ ਲਹਿਰਾਉਣਗੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਮੋਗਾ ਵਿਖੇ, ਖਣਨ ਮੰਤਰੀ ਬਰਿੰਦਰ ਗੋਇਲ ਬਠਿੰਡਾ ਵਿਖੇ, ਪੇਂਡੂ ਵਿਕਾਸ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਜਲੰਧਰ ਵਿਖੇ, ਸਥਾਨਕ ਸਰਕਾਰਾਂ ਮੰਤਰੀ ਰਵਜੋਤ ਸਿੰਘ ਪਠਾਨਕੋਟ ਵਿਖੇ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਐਸ.ਏ.ਐਸ. ਨਗਰ ਵਿਖੇ, ਬਾਗਬਾਨੀ ਮੰਤਰੀ ਮੋਹਿੰਦਰ ਭਗਤ ਹੁਸ਼ਿਆਰਪੁਰ ਵਿਖੇ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਪਟਿਆਲਾ ਵਿਖੇ ਕੌਮੀ ਝੰਡਾ ਲਹਿਰਾਉਣਗੇ।

# ਪੰਜਾਬ ਹਰ ਖੇਤਰ ਵਿੱਚ ਬੇਮਿਸਾਲ ਵਿਕਾਸ ਦੇਖ ਰਿਹੈ: ਮੁੱਖ ਮੰਤਰੀ

**➢ ਦਿੜ੍ਹਬਾ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ➢ ਸੂਬਾ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ**

**ਸਤੌਜ (ਸੰਗਰੂਰ), 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਚੱਲ ਰਹੇ ਹਨ ਅਤੇ ਪੰਜਾਬ ਹਰ ਖੇਤਰ ਵਿੱਚ ਬੇਮਿਸਾਲ ਵਿਕਾਸ ਦਾ ਗਵਾਹ ਬਣ ਰਿਹਾ ਹੈ।

ਇਥੇ ਦਿੜ੍ਹਬਾ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ 'ਤੇ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ, ਜੋ ਜਲਦ ਹੀ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਵਡੇਰੇ ਜਨਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਸੂਬੇ ਦੇ ਵਿਕਾਸ ਦੀ ਰਫ਼ਤਾਰ ਨੂੰ ਹੁਲਾਰਾ ਦੇਣ ਲਈ ਇਨ੍ਹਾਂ ਪ੍ਰੋਜੈਕਟਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਪ੍ਰੋਜੈਕਟ ਜਨਤਾ ਨੂੰ ਸਮਰਪਿਤ ਕੀਤੇ ਜਾਣਗੇ।



ਖੇਤੀਬਾੜੀ ਸੈਕਟਰ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਟਿਊਬਵੈੱਲਾਂ ਦੀ ਵਰਤੋਂ ਤੋਂ ਬਿਨਾਂ ਝੋਨੇ ਦੀ ਬਿਜਾਈ ਨੂੰ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਹੁਣ ਨਹਿਰੀ ਪਾਣੀ ਸੂਬੇ ਦੇ ਟੇਲਾਂ 'ਤੇ ਵਸਦੇ ਦੂਰ-ਦੁਰਾਡੇ ਦੇ ਪਿੰਡਾਂ ਤੱਕ ਵੀ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਭਰ ਵਿੱਚ 15,947 ਜਲ ਮਾਰਗਾਂ ਨੂੰ ਮੁੜ ਸੁਰਜੀਤ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸਦੇ ਨਾਲ ਹੀ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਜਲ ਸਰੋਤਾਂ ਨੂੰ ਦੂਜੇ ਰਾਜਾਂ ਵੱਲ ਮੋੜਨ ਦੀਆਂ ਕੋਸ਼ਿਸ਼ਾਂ ਨੂੰ ਸਿਰੇ ਤੋਂ ਨਾਕਾਮ ਕੀਤਾ ਹੈ ਅਤੇ ਇਨ੍ਹਾਂ ਜਲ ਸਰੋਤਾਂ ਸੂਬੇ ਦਾ ਹੱਕ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਹੈ।

ਭਗਵੰਤ ਸਿੰਘ ਮਾਨ ਨੇ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਯੋਜਨਾ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਜੋ ਪੰਜਾਬ ਦੇ ਹਰੇਕ ਨਿਵਾਸੀ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦੀ-ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਂਦਿਆਂ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਸਰਵ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਖੇਤੀ ਅਤੇ ਕਿਸਾਨ ਹਮੇਸ਼ਾ ਹੀ ਉਨ੍ਹਾਂ ਦੀ ਸਰਕਾਰ ਦੀ ਪਹਿਲੀ ਤਰਜੀਹ ਰਹੇ ਹਨ ਅਤੇ ਖੇਤੀਬਾੜੀ ਨੂੰ ਲਾਭਦਾਇਕ ਧੰਦਾ ਬਣਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਦੱਸਣ ਅਨੁਸਾਰ ਉਨ੍ਹਾਂ ਨੂੰ ਬਿਜਲੀ ਜਾਂ ਨਹਿਰੀ ਪਾਣੀ ਦੀ ਕੋਈ ਕਮੀ ਨਹੀਂ ਹੈ, ਜੋ ਕਿ ਸਾਡੇ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਵਾਪਸ ਆਉਂਦੀ ਦੇਖ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ।

ਲੋਕਾਂ ਨਾਲ ਭਾਵਨਾਤਮਕ ਸਾਂਝ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਪਿੰਡ ਵਾਸੀ ਉਨ੍ਹਾਂ ਦੇ ਦਿਲ ਦੇ ਬਹੁਤ ਨੇੜੇ ਹਨ ਜਿਸ ਕਰਕੇ ਉਹ ਉਨ੍ਹਾਂ ਨਾਲ ਹਰ ਪਲ ਦਾ ਆਨੰਦ ਮਾਣਨਾ ਪਸੰਦ ਕਰਦੇ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਮੌਕਿਆਂ 'ਤੇ ਪਿੰਡ ਵਾਸੀਆਂ ਨਾਲ ਜੁੜ ਕੇ ਉਨ੍ਹਾਂ ਨੂੰ ਬਹੁਤ ਮਾਣ ਅਤੇ ਸੰਤੁਸ਼ਟੀ ਮਿਲਦੀ ਹੈ ਅਤੇ ਉਹ ਪਿੰਡ ਵਾਸੀਆਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਪਿੰਡ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਪਿੰਡ ਦੀ ਪੰਚਾਇਤ ਨੂੰ 1.76 ਕਰੋੜ ਰੁਪਏ ਦਾ ਚੈੱਕ ਵੀ ਸੌਂਪਿਆ।

## ਸਰਕਾਰ ਖਰੜ ਸ਼ਹਿਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ: ਮਲਵਿੰਦਰ ਸਿੰਘ ਕੰਗ



**ਖਰੜ, 14 ਅਗਸਤ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਵਲੋਂ ਖਰੜ ਸ਼ਹਿਰ ਦੀਆਂ ਵੱਖ ਵੱਖ ਵਾਰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਨਾਲ ਮੌਕੇ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਸ਼ਹਿਰ ਨਿਵਾਸੀਆਂ ਨੂੰ ਜੋ ਸਮੱਸਿਆਵਾਂ ਆ ਰਹੀਆਂ ਹਨ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਅਤੇ ਉਹ ਖੁਦ ਹੱਲ ਕਰਵਾਉਣ ਲਈ ਵਚਨਬੱਧ ਹਨ। ਉਨਾਂ ਕਿਹਾ ਕਿ ਬਰਸਾਤ ਦੇ ਦਿਨਾਂ ਵਿਚ ਜੋ ਵਿਕਾਸ ਦੇ ਕੰਮ ਚੱਲ ਰਹੇ ਹੁੰਦੇ ਹਨ ਉਸ ਨਾਲ ਵੀ ਕਈ ਵਾਰ ਸਮੱਸਿਆ ਆ ਜਾਂਦੀ ਹੈ ਪਰ ਸਾਨੂੰ ਸਮੱਸਿਆਵਾਂ ਦੇ ਹੱਲ ਲਈ ਨਗਰ ਕੌਂਸਲ ਖਰੜ ਦਾ ਸਾਥ ਦੇਣਾ ਚਾਹੀਦਾ ਹੈ। ਖਰੜ ਸ਼ਹਿਰ ਦੇ ਕੌਂਸਲਰਾਂ ਨੇ ਖਰੜ-ਚੰਡੀਗੜ੍ਹ ਹਾਈਵੇ ਤੇ ਜੋ ਨਿਕਾਸੀ ਨਾਲਾ ਬਣਿਆ ਹੋਇਆ ਹੈ ਅਤੇ ਛੱਜੂਮਾਜਰਾ ਸੜਕ ਤੇ ਡਰੇਨੇਜ਼ ਪਾਈਪ ਪਾਈ ਜਾ ਰਹੀ ਹੈ, ਉਸਦੀ ਸਮੱਸਿਆਵਾਂ ਦਾ ਵੀ ਹੱਲ ਕੀਤਾ ਜਾਵੇ। ਛੱਜੂਮਾਜਰਾ ਦੇ ਵਸਨੀਕਾਂ ਨੇ ਕਿਹਾ ਕਿ ਉਹ ਸਮੱਸਿਆਵਾਂ ਨਾਲ ਘਿਰੇ ਹੋਏ ਹਨ, ਬਰਸਾਤਾਂ ਵਿਚ ਵੱਡੀ ਸਮੱਸਿਆ ਆਉਦੀ ਹੈ। ਉਨ੍ਹਾਂ ਨਾਲ ਨਗਰ ਕੌਂਸਲ ਖਰੜ ਦੇ ਕਾਰਜ ਸਾਧਕ ਅਫਸਰ ਗੁਰਬਖਸੀਸ ਸਿੰਘ ਅਤੇ ਜੇ.ਈ., ਸੈਨੇਟਰੀ ਇੰਸਪੈਕਟਰ, ਐਕਸੀਅਨ ਬਿਜਲੀ ਬੋਰਡ ਇੰਦਰਪ੍ਰੀਤ ਸਿੰਘ, ਵੱਖ ਵੱਖ ਵਾਰਡਾਂ ਦੇ ਕੌਂਸਲਰ ਗੋਵਿੰਦਰ ਸਿੰਘ ਚੀਮਾ, ਰਾਜਬੀਰ ਸਿੰਘ ਰਾਜੀ, ਵਨੀਤ ਜੈਨ ਬਿੱਟੂ, ਮਨਮੋਹਨ ਸਿੰਘ, ਸੋਹਨ ਸਿੰਘ ਛੱਜੂਮਾਜਰਾ, ਪ੍ਰਿੰਸੀਪਲ ਜਸਵੀਰ ਚੰਦਰ ਸਮੇਤ ਹੋਰ ਸ਼ਹਿਰ ਨਿਵਾਸੀ ਹਾਜ਼ਰ ਸਨ।

# ਬਿੱਲ ਲਿਆਓ ਇਨਾਮ ਪਾਓ ਯੋਜਨਾ ਨੂੰ ਮਿਲੀ ਸ਼ਾਨਦਾਰ ਸਫਲਤਾ, ਜੇਤੂਆਂ ਨੂੰ 3.3 ਕਰੋੜ ਤੋਂ ਵੱਧ ਦੇ ਇਨਾਮ: ਹਰਪਾਲ ਸਿੰਘ ਚੀਮਾ

**➢ ਬਿੱਲਾਂ 'ਚ ਬੇਨਿਯਮੀਆਂ ਕਰਨ ਵਾਲਿਆਂ ਨੂੰ 9.07 ਕਰੋੜ ਰੁਪਏ ਦੇ ਜੁਰਮਾਨੇ, 135 ਨਵੀਆਂ ਰਜਿਸਟ੍ਰੇਸ਼ਨਾਂ ਹੋਈਆਂ ➢ ਯੋਜਨਾ ਦੇ ਜੁਲਾਈ 2025 ਦੇ ਡਰਾਅ ਵਿੱਚ 257 ਜੇਤੂਆਂ ਨੇ ਜਿੱਤੇ 15,30,015 ਰੁਪਏ**

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬੇ ਦੀ ਫਲੈਗਸ਼ਿਪ ਸਕੀਮ ਬਿੱਲ ਲਿਆਓ ਇਨਾਮ ਪਾਓ ਦੀ ਸ਼ਾਨਦਾਰ ਸਫਲਤਾ ਦਾ ਐਲਾਨ ਕੀਤਾ। ਜ਼ਿੰਮੇਵਾਰ ਖਪਤਕਾਰ ਵਤੀਰੇ ਨੂੰ ਉਤਸ਼ਾਹਿਤ ਕਰਨ ਅਤੇ ਕਰ ਪਾਲਣਾ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਨੇ ਲੋਕਾਂ ਦੀ ਭਰਪੂਰ ਸ਼ਮੂਲੀਅਤ ਦੀ ਗਵਾਹੀ ਭਰੀ ਜਿਸ ਤਹਿਤ ਸਤੰਬਰ 2023 ਵਿੱਚ ਇਸਦੀ ਸ਼ੁਰੂਆਤ ਤੋਂ ਜੁਲਾਈ 2025 ਤੱਕ 'ਮੇਰਾ ਬਿੱਲ ਐਪ' 'ਤੇ ਕੁੱਲ 1,76,832 ਬਿੱਲ ਅਪਲੋਡ ਕੀਤੇ ਗਏ। ਇਸ ਦੇ ਨਤੀਜੇ ਵਜੋਂ 5,644 ਜੇਤੂਆਂ ਨੇ 3,35,80,215 ਰੁਪਏ ਦੇ ਇਨਾਮ ਜਿੱਤੇ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਨਾਗਰਿਕਾਂ ਨੂੰ ਬਿੱਲ ਮੰਗਣ ਲਈ ਉਤਸ਼ਾਹਿਤ ਕਰਨ ਵਾਲੀ ਇਸ ਸਕੀਮ ਦਾ ਕਰ ਲਾਗੂਕਰਨ 'ਤੇ ਡੂੰਘਾ ਪ੍ਰਭਾਵ ਪਿਆ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਬਿੱਲ ਜਾਰੀ ਕਰਨ ਵਿੱਚ ਬੇਨਿਯਮੀਆਂ ਦੇ ਦੋਸ਼ੀ ਪਾਏ ਗਏ ਅਦਾਰਿਆਂ ਵਿਰੁੱਧ 9,07,06,102 ਰੁਪਏ ਦੇ ਜੁਰਮਾਨੇ ਲਗਾਏ ਗਏ ਹਨ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਸ ਜੁਰਮਾਨੇ ਵਿੱਚੋਂ, 7,30,92,230 ਰੁਪਏ ਵਸੂਲ ਕੀਤੇ ਜਾ ਚੁੱਕੇ ਹਨ, ਜੋ ਕਿ ਵਿੱਤੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਕੀਮ ਸਦਕਾ 135 ਨਵੀਆਂ ਰਜਿਸਟ੍ਰੇਸ਼ਨਾਂ ਹੋਣ ਨਾਲ ਕਰ ਦਾਇਰੇ ਦਾ ਹੋਰ ਵਿਸਤਾਰ ਹੋਇਆ ਹੈ।



ਵਿੱਤ ਮੰਤਰੀ ਨੇ 7 ਅਗਸਤ ਨੂੰ ਪਟਿਆਲਾ ਵਿੱਚ ਕਰ ਅਤੇ ਆਬਕਾਰੀ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਜੁਲਾਈ 2025 ਲਈ ਕੱਢੇ ਗਏ ਲੱਕੀ ਡਰਾਅ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਜੁਲਾਈ 2025 ਦੌਰਾਨ 'ਮੇਰਾ ਬਿੱਲ' ਐਪ 'ਤੇ 6,345 ਬਿੱਲ ਅਪਲੋਡ ਕੀਤੇ ਗਏ ਅਤੇ ਡਰਾਅ ਦੇ ਨਤੀਜੇ ਵਜੋਂ 257 ਜੇਤੂਆਂ ਨੇ ਕੁੱਲ 15,30,015 ਰੁਪਏ ਦੀ ਇਨਾਮੀ ਰਾਸ਼ੀ ਜਿੱਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਭਾਗ ਲੋੜੀਂਦੇ ਵੇਰਵੇ ਜਿਸ ਵਿੱਚ ਮੁੱਖ ਤੌਰ 'ਤੇ ਜੇਤੂ ਦਾ ਖਾਤਾ ਨੰਬਰ ਸ਼ਾਮਲ ਹੈ, ਪ੍ਰਾਪਤ ਹੋਣ 'ਤੇ ਜੇਤੂਆਂ ਦੇ ਖਾਤਿਆਂ ਵਿੱਚ ਤੁਰੰਤ ਇਨਾਮੀ ਰਾਸ਼ੀ ਟ੍ਰਾਂਸਫਰ ਕਰ ਦਿੰਦਾ ਹੈ। ਜੇਤੂਆਂ ਨੂੰ ਜਲਦੀ ਤੋਂ ਜਲਦੀ ਲੋੜੀਂਦੀ ਜਾਣਕਾਰੀ ਮੁਹੱਈਆ ਕਰਾਉਣ ਦੀ ਅਪੀਲ ਕਰਦਿਆਂ ਵਿੱਤ ਮੰਤਰੀ ਨੇ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਾਰਦਰਸ਼ਤਾ ਅਤੇ ਕੁਸ਼ਲਤਾ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ।

ਲੋਕਾਂ ਦੀ ਨਿਰੰਤਰ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਖਰੀਦਾਂ ਲਈ ਬਿੱਲ ਮੰਗ ਕੇ ਬਿੱਲ ਲਿਆਓ ਇਨਾਮ ਪਾਓ ਸਕੀਮ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰ ਇੱਕ ਅਪਲੋਡ ਕੀਤਾ ਗਿਆ ਬਿੱਲ ਨਾ ਸਿਰਫ਼ ਜਿੱਤਣ ਦਾ ਮੌਕਾ ਦਿੰਦਾ ਹੈ, ਸਗੋਂ ਕਰ ਚੋਰੀ ਨੂੰ ਰੋਕਣ ਅਤੇ ਕਰ ਦੀ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਦੇ ਯਤਨਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਪੱਸ਼ਟ ਕੀਤਾ ਕਿ ਪੈਟਰੋਲੀਅਮ ਉਤਪਾਦਾਂ (ਕੱਚਾ ਤੇਲ, ਪੈਟਰੋਲ, ਡੀਜ਼ਲ, ਏਵੀਏਸ਼ਨ ਟਰਬਾਈਨ ਫਿਊਲ ਅਤੇ ਕੁਦਰਤੀ ਗੈਸ ਸਮੇਤ), ਸ਼ਰਾਬ, ਰਾਜ ਤੋਂ ਬਾਹਰ ਦੀ ਖਰੀਦਦਾਰੀ, ਅਤੇ ਬਿਜਨਸ ਤੋਂ ਬਿਜਨਸ (ਬੀ 2 ਬੀ) ਲੈਣ-ਦੇਣ ਨਾਲ ਸਬੰਧਤ ਬਿੱਲਾਂ ਨੂੰ ਯੋਜਨਾ ਤੋਂ ਬਾਹਰ ਰੱਖਿਆ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਡਰਾਅ ਲਈ ਸਿਰਫ਼ ਪਿਛਲੇ ਮਹੀਨੇ ਕੀਤੀਆਂ ਗਈਆਂ ਖਰੀਦਦਾਰੀ ਦੇ ਬਿੱਲਾਂ 'ਤੇ ਵਿਚਾਰ ਕੀਤਾ ਜਾਂਦਾ ਹੈ, ਜਿਸ ਨਾਲ ਯੋਜਨਾ ਦੀ ਨਿਰਪੱਖਤਾ ਅਤੇ ਸੰਚਾਲਨ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਇਆ ਜਾਂਦਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਪਹਿਲਕਦਮੀ ਦੀ ਸਫਲਤਾ ਨਾਗਰਿਕ-ਸੰਚਾਲਿਤ ਸ਼ਾਸਨ ਦੀ ਸ਼ਕਤੀ ਦਾ ਪ੍ਰਮਾਣ ਹੈ ਅਤੇ ਇੱਕ ਵਧੇਰੇ ਜਵਾਬਦੇਹ ਅਤੇ ਆਮ ਲੋਕਾਂ ਦੀ ਹਿੱਸੇਦਾਰੀ ਵਾਲੇ ਵਿੱਤੀ ਢਾਂਚੇ ਦੇ ਨਿਰਮਾਣ ਪ੍ਰਤੀ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੰਕਲਪ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਸਕੀਮ ਦਾ ਦੋਹਰਾ ਪ੍ਰਭਾਵ ਚੌਕਸ ਖਪਤਕਾਰਾਂ ਨੂੰ ਇਨਾਮ ਦੇਣ ਦੇ ਨਾਲ-ਨਾਲ ਸੂਬੇ ਦੇ ਕਰ ਲਾਗੂਕਰਨ ਢਾਂਚੇ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।

## ਹੁਣ ਪਟਵਾਰੀਆਂ ਕੋਲ ਜਾਣ ਦੀ ਲੋੜ ਨਹੀਂ, ਘਰ ਬੈਠੇ ਪ੍ਰਾਪਤ ਕਰੋ ਮਾਲ ਵਿਭਾਗ ਦੀਆਂ 6 ਸੇਵਾਵਾਂ

**ਹੁਸ਼ਿਆਰਪੁਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਹੁਣ ਮਾਲ ਵਿਭਾਗ ਨਾਲ ਜੁੜੀਆਂ 6 ਮਹੱਤਵਪੂਰਨ ਸੇਵਾਵਾਂ ਦਾ ਲਾਭ ਘਰ ਬੈਠੇ ਆਨਲਾਈਨ 'ਈਜੀ ਜਮਾਂਬੰਦੀ' ਪੋਰਟਲ ਰਾਹੀਂ ਪ੍ਰਾਪਤ ਕਰ ਸਕਦੇ ਹਨ। ਇਨ੍ਹਾਂ ਵਿਚ ਵਟਸਐਪ 'ਤੇ ਜਮਾਂਬੰਦੀ ਪ੍ਰਾਪਤ ਕਰਨਾ, ਇੰਤਕਾਲ, ਰਪਟ ਐਂਟਰੀ, ਫਰਦ ਬਦਰ (ਜਮਾਂਬੰਦੀ 'ਚ ਰਿਕਾਰਡ) ਵਰਗੀਆਂ ਸੇਵਾਵਾਂ ਸ਼ਾਮਲ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪੋਰਟਲ ਰਾਹੀਂ ਲੋਕ ਆਪਣਾ ਸਮਾਂ ਅਤੇ ਮਿਹਨਤ ਬਚਾਉਂਦੇ ਹੋਏ ਬਿਨਾ ਪਟਵਾਰੀ ਨੂੰ ਮਿਲੇ ਹੀ ਕੰਮ ਕਰਵਾ ਸਕਦੇ ਹਨ। ਆਨਲਾਈਨ ਜਮਾਂਬੰਦੀ ਦੀ ਕਾਪੀ ਡਿਜ਼ੀਟਲ ਹਸਤਾਖ਼ਰ ਅਤੇ ਕਿਊ.ਆਰ ਕੋਡ ਸਮੇਤ ਉਪਲਬੱਧ ਹੋਵੇਗੀ। ਇਹ ਫਰਦ ਦੀ ਸਾਰੀਆਂ ਥਾਵਾਂ 'ਤੇ ਮਾਨਤਾ ਹੋਵੇਗੀ ਅਤੇ ਇਸ ਸਬੰਧ ਵਿਚ ਸਰਕਾਰ ਨੇ ਸਾਰੀਆਂ ਸੰਸਥਾਵਾਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਹਨ।ਇਸਨੂੰ ਸਕੈਨ ਕਰਕੇ ਰਜਿਸਟਰੀ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ ਅਤੇ ਰਜਿਸਟਰੀ ਲਈ ਮੈਨੂਅਲ ਫਰਦ ਦੀ ਲੋੜ ? ਨਹੀਂ ਰਵੇਗੀ। ਉਨ੍ਹਾਂ ਦੱਸਿਆ ਕਿ ਜ਼ਮੀਨ ਦੀ ਨਵੀਂ ਰਜਿਸਟਰੀ ਹੋਣ 'ਤੇ ਇੰਤਕਾਲ ਆਪਣੇ ਆਪ ਹੀ 30 ਦਿਨ ਦੇ ਅੰਦਰ ਹੋ ਜਾਵੇਗਾ। ਵਿਰਾਸਤ ਦੇ ਇੰਤਕਾਲ ਅਤੇ ਪੁਰਾਣੀ ਰਜਿਸਟਰੀ, ਜਿਸ ਦਾ ਇੰਤਕਾਲ ਦਰਜ ਨਾ ਹੋਇਆ ਹੋਵੇ, ਉਸ ਲਈ ਵੀ ਆਨਲਾਈਨ ਅਰਜ਼ੀ ਦੇ ਸਕਦੇ ਹਨ। ਪੂਰੀ ਪ੍ਰਕਿਰਿਆ ਦੀ ਜਾਣਕਾਰੀ ਵਟਸਅਪ ਅਤੇ ਪੋਰਟਲ 'ਤੇ ਸੂਚੀਬੱਧ ਢੰਗ ਨਾਲ ਦਿੱਤੀ ਜਾਵੇਗੀ। ਰਪਟ ਐਂਟਰੀ ਜਿਵੇਂ ਕਿ ਅਦਾਲਤ ਦੇ ਹੁਕਮ ਜਾਂ ਕਰਜੇ ਨਾਲ ਸਬੰਧਤ ਐਂਟਰੀਆਂ ਲਈ ਵੀ ਡਿਜੀਟਲ ਰੂਪ ਨਾਲ ਅਪਲਾਈ ਕੀਤੀ ਜਾ ਸਕਦੀ ਹੈ।ਉਥੇ, ਜਮਾਂਬੰਦੀ ਵਿਚ ਨਾਮ, ਰਕਬਾ ਜਾਂ ਹੋਰ ਤਰੁੱਟੀਆਂ ਨੂੰ ਸੁਧਾਰਨ ਲਈ ਹੁਣ ਸਰਕਾਰੀ ਦਫ਼ਤਰਾਂ ਦੇ ਚੱਕਰ ਲਗਾਉਣ ਦੀ ਜ਼ਰੂਰਤ ਨਹੀਂ ਹੋਵੇਗੀ। ਜ਼ਰੂਰੀ ਦਸਤਾਵੇਜ ਦੇ ਨਾਲ ਸਾਧਾਰਣ ਫਾਰਮ ਆਨਲਾਈਨ ਭਰ ਕੇ 15 ਦਿਨ ਵਿਚ ਕਾਰਵਾਈ ਪੂਰੀ ਹੋ ਜਾਵੇਗੀ। ਸਾਰੀਆਂ ਸੇਵਾਵਾਂ ਦੀ ਫੀਸ ਵੀ ਆਨਲਾਈਨ ਅਦਾ ਕੀਤੀ ਜਾਵੇਗੀ। ਜ਼ਮੀਨ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਨੇ ਇਹ ਸਬਸਕ੍ਰਿਪਸ਼ਨ ਸੇਵਾ ਸ਼ੁਰੂ ਕੀਤੀ ਹੈ।

ਪ੍ਰਤੀ ਖੇਵਟ 500 ਰੁਪਏ ਸਾਲਾਨਾ ਫੀਸ ਦੇ ਕੇ ਮਾਲਿਕ ਆਪਣੇ ਰਿਕਾਰਡ ਨੂੰ ਸਬਸਕਰਾਈਬ ਕਰ ਸਕਦੇ ਹਨ। ਰਿਕਾਰਡ ਵਿਚ ਕਿਸੇ ਵੀ ਬਦਲਾਅ ਦੀ ਕੋਸ਼ਿਸ਼ 'ਤੇ ਵੱਟਸਐਪ ਜਾਂ ਈਮੇਲ ਤੋਂ ਤੁਰੰਤ ਅਲਰਟ ਮਿਲੇਗਾ ਅਤੇ ਆਨਲਾਈਨ ਰੁਕਾਵਟ ਦਰਜ ਕਰਵਾਈ ਜਾ ਸਕੇਗੀ, ਜੋ ਸਿੱਧੇ ਸਬੰਧਤ ਮਾਲ ਅਧਿਕਾਰੀ ਤੱਕ ਪਹੁੰਚੇਗੀ।

## ਧਨੌਲਾ ਦੇ ਪ੍ਰਾਚੀਨ ਬਰਨੇਵਾਲਾ ਮੰਦਰ 'ਚ ਸਿਲੰਡਰ ਫਟਿਆ, 15 ਝੁਲਸੇ 7 ਔਰਤਾਂ ਸਣੇ 8 ਬੁਰੀ ਤਰ੍ਹਾਂ ਝੁਲਸੇ; ,ਗੰਭੀਰ ਜ਼ਖ਼ਮੀ .ਫਰੀਦਕੋਟ ਤੇ ਬਰਨਾਲਾ ਰੈਫਰ

**ਬਰਨਾਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਧਨੌਲਾ ਦੇ ਮਸ਼ਹੂਰ ਪ੍ਰਾਚੀਨ ਬਰਨੇਵਾਲਾ ਹਨੂੰਮਾਨ ਮੰਦਰ ਵਿੱਚ ਲੰਗਰ ਦੌਰਾਨ ਸਿਲੰਡਰ ਫਟਣ ਨਾਲ 7 ਔਰਤਾਂ ਸਣੇ ਕਰੀਬ 15 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਧਨੌਲਾ ਵਿੱਜ ਦਾਖ਼ਲ ਕਰਵਾਇਆ ਗਿਆ ਅਤੇ ਕੁਝ ਵਿਅਕਤੀਆਂ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਉਨ੍ਹਾਂ ਨੂੰ ਫ਼ਰੀਦਕੋਟ ਅਤੇ ਬਰਨਾਲਾ ਦੇ ਜ਼ਿਲ੍ਹਾ ਸਿਵਲ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਪੁਲੀਸ ਵੀ ਘਟਨਾ ਦੀ ਸੂਚਨਾ ਮਿਲਦਿਆਂ ਹੀ ਮੰਦਰ ਵਿੱਚ ਪਹੁੰਚ ਗਈ। ਮੰਦਰ 'ਚ ਅੱਗ ਬੁਝਾਉਣ ਲਈ ਕੋਈ ਪ੍ਰਬੰਧ ਨਾ ਹੋਣ ਕਾਰਨ ਅੱਗ 'ਤੇ ਜਲਦ ਕਾਬੂ ਨਹੀਂ ਪਾਇਆ ਜਾ ਸਕਿਆ। ਚਾਰ ਪਹੀਆ ਤੇ ਦੋ ਪਹੀਆਂ ਵਾਹਨਾਂ 'ਤੇ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਹਰ ਮੰਗਲਵਾਰ ਮੰਦਰ ਵਿੱਚ ਸ਼ਰਧਾਲੂਆਂ ਵੱਲੋਂ ਲੰਗਰ ਲਾਇਆ ਜਾਂਦਾ ਹੈ। ,ਅੱਜ ਲੰਗਰ ਬਰਨਾਲਾ ਦੇ ਕਿਸੇ ਸਰਧਾਲੂ ਵੱਲੋਂ ਲਾਇਆ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਲੰਗਰ ਬਣਾਉਣ ਵਾਲੇ ਹਲਵਾਈ ਸਟਾਫ਼ ਦੇ ਅੱਠ ਮੈਂਬਰਾਂ 'ਤੇ 7 ਔਰਤਾਂ ਪੂਰੀਆਂ ਵੇਲਣ ਵਾਲੀਆਂ ਦੇ ਝੁਲਸਣ ਬਾਰੇ ਪਤਾ ਲੱਗਾ ਹੈ ਅਤੇ ਇਸ ਤੋਂ ਇਲਾਵਾ ਮੰਦਰ 'ਚ ਆਏ ਕਈ ਸ਼ਰਧਾਲੂਆਂ ਦੇ ਝੁਲਸਣ ਦਾ ਪਤਾ ਲੱਗਾ ਹੈ। ਮੰਦਰ 'ਚ ਕਾਫੀ ਭੀੜ ਹੋਣ ਕਾਰਨ ਜਦੋਂ ਸਿਲੰਡਰ ਫਟਿਆ ਤਾਂ ਇਕਦਮ ਚੀਕ ਚਿਹਾੜਾ ਪੈ ਗਿਆ ਅਤੇ ਜਖ਼ਮੀ ਵਿਅਕਤੀ ਆਪਣੀ ਜਾਨ ਬਚਾਉਣ ਲਈ ਆਵਾਜ਼ਾਂ ਮਾਰ ਰਹੇ ਸਨ। ਇਹ ਪ੍ਰਾਚੀਨ ਮੰਦਰ ਧਨੌਲਾ ਤੋਂ ਬਾਹਰ ਖੇਤਾਂ 'ਚ ਬਣਿਆ ਹੋਇਆ ਹੈ। ਜ਼ਖ਼ਮੀ ਵਿਅਕਤੀਆਂ ਵਿੱਚ ਦਲੀਪ, ਮਿੱਠੂ ਸਿੰਘ ,ਅਵੀ ਨੰਦਨ, ਅਜੇ, ਬਲਵਿੰਦਰ ਸਿੰਘ, ਰਾਮ ਜਤਨ ,ਵਿਸ਼ਾਲ, ਰਾਮ ਚੰਦਰ, ਗੁਰਮੀਤ ਕੌਰ, ਮਨਜੀਤ ਕੌਰ, ਗੁਰਮੇਲ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ ,ਸੁਰਜੀਤ ਕੌਰ, ਸਰਬਜੀਤ ਕੌਰ ਆਜ ਸ਼ਾਮਲ ਹਨ।

## ਪਰਾਲੀ ਪ੍ਰਬੰਧਨ: ਫ਼ਿਰੋਜ਼ਪੁਰ ਜ਼ਿਲ੍ਹੇ 'ਚੋਂ 5600 ਖੇਤੀ ਮਸ਼ੀਨਾਂ .ਗਾਇਬ

## ਡੀਸੀ ਦੀ ਪੜਤਾਲ ਮਗਰੋਂ ਜ਼ਿਲ੍ਹਾ ਖੇਤੀ ਅ.ਫਸਰ ਚਾਰਜਸ਼ੀਟ; ਗੁਰੂ ਹਰਸਹਾਏ ਦਾ ਖੇਤੀ ਅ.ਫਸਰ ਮੁਅੱਤਲ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਿਰੋਜ਼ਪੁਰ ਜ਼ਿਲ੍ਹੇ 'ਚ ਕਰੀਬ 5600 ਖੇਤੀ ਮਸ਼ੀਨਾਂ ਗ਼ਾਇਬ ਹਨ ਜਿਨ੍ਹਾਂ ਨੂੰ ਪਰਾਲੀ ਪ੍ਰਬੰਧਨ ਲਈ ਖ਼ਰੀਦਣ ਵਾਸਤੇ ਸਬਸਿਡੀ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਵੱਲੋਂ ਜਦੋਂ ਪੜਤਾਲ ਮਗਰੋਂ ਇਸ ਦੀ ਰਿਪੋਰਟ ਖੇਤੀ ਤੇ ਕਿਸਾਨ ਭਲਾਈ ਵਿਭਾਗ ਨੂੰ ਭੇਜੀ ਗਈ ਤਾਂ ਮਹਿਕਮੇ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਗੁਰੂ ਹਰਸਹਾਏ ਦੇ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਅਤੇ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਗੁਰਪ੍ਰੀਤ ਸਿੰਘ ਸਿੱਧੂ ਨੂੰ ਚਾਰਜਸ਼ੀਟ ਜਾਰੀ ਕਰ ਦਿੱਤੀ। ਖੇਤੀ ਮਹਿਕਮੇ ਨੇ ਕੁਝ ਸਮੇਂ ਤੋਂ ਖੇਤੀ ਮਸ਼ੀਨਰੀ ਦੀ ਫਿਜ਼ੀਕਲ ਵੈਰੀਫਿਕੇਸ਼ਨ ਵੀ ਸ਼ੁਰੂ ਕੀਤੀ ਹੈ।

ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਵੱਲੋਂ 24 ਜੁਲਾਈ ਨੂੰ ਖੇਤੀ ਮਹਿਕਮੇ ਨੂੰ ਰਿਪੋਰਟ ਭੇਜੀ ਗਈ ਸੀ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੁਣ ਤੱਕ ਪਰਾਲੀ ਪ੍ਰਬੰਧਨ ਵਾਸਤੇ 12,452 ਖੇਤੀ ਮਸ਼ੀਨਾਂ ਦੀ ਖ਼ਰੀਦ ਕੀਤੀ ਗਈ ਹੈ ਜਿਨ੍ਹਾਂ 'ਚੋਂ 6852 ਮਸ਼ੀਨਾਂ ਹੀ ਚਾਲੂ ਹਾਲਤ ਵਿੱਚ ਹਨ ਜਦਕਿ ਬਾਕੀ 5600 ਖੇਤੀ ਮਸ਼ੀਨਾਂ ਦੀ ਸਥਿਤੀ ਦੱਸਣ 'ਚ ਮਹਿਕਮਾ ਨਾਕਾਮ ਰਿਹਾ ਹੈ। ਰਿਪੋਰਟ 'ਚ ਕਿਹਾ ਹੈ ਕਿ ਜ਼ਿਲ੍ਹਾ ਖੇਤੀ ਅਫ਼ਸਰ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ 'ਚ ਵੀ ਨਾਕਾਮ ਰਿਹਾ ਹੈ। ਮਿੱਥੇ ਗਏ ਸੰਭਾਵੀ ਰਕਬੇ ਤੋਂ ਝੋਨੇ ਦੀ ਕਾਸ਼ਤ ਵੱਧ ਗਈ ਹੈ।

ਰਿਪੋਰਟ ਅਨੁਸਾਰ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਨੂੰ 2 ਜੁਲਾਈ ਨੂੰ ਸਬਸਿਡੀ ਵਾਲੀ ਖੇਤੀ ਮਸ਼ੀਨਰੀ ਦੇ ਵੇਰਵੇ ਵਿਸਥਾਰ 'ਚ ਦੇਣ ਲਈ ਕਿਹਾ ਸੀ ਪਰ ਇਸ ਅਧਿਕਾਰੀ ਨੇ 24 ਜੁਲਾਈ ਤੱਕ ਕੋਈ ਵੇਰਵੇ ਨਹੀਂ ਦਿੱਤੇ। ਚਾਰਜਸ਼ੀਟ 'ਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਨੇ ਖੇਤੀ ਮਸ਼ੀਨਰੀ ਦੀ ਰਿਪੋਰਟ ਨਹੀਂ ਦਿੱਤੀ ਅਤੇ ਅਧਿਕਾਰੀ ਨੇ ਵਿਭਾਗ ਦਾ ਅਕਸ ਖ਼ਰਾਬ ਕੀਤਾ ਹੈ। ਇਸੇ ਤਰ੍ਹਾਂ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ ਨੂੰ ਮੁਅੱਤਲ ਕਰਕੇ ਤਾਇਨਾਤੀ ਮੁੱਖ ਦਫ਼ਤਰ 'ਚ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਲ 2018-19 ਤੋਂ ਪਰਾਲੀ ਪ੍ਰਬੰਧਨ ਵਾਸਤੇ ਲਾਭਪਾਤਰੀ ਕਿਸਾਨਾਂ, ਰਜਿਸਟਰਡ ਕਿਸਾਨ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਨੂੰ ਖੇਤੀ ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਗਈਆਂ ਹਨ। ਕੇਂਦਰ ਸਰਕਾਰ ਵੱਲੋਂ ਸਾਲ 2018-19 ਤੋਂ ਹੁਣ ਤੱਕ ਚਾਰ ਸੂਬਿਆਂ ਨੂੰ ਖੇਤੀ ਮਸ਼ੀਨਰੀ ਲਈ 3623 ਕਰੋੜ ਰੁਪਏ ਦੀ ਸਬਸਿਡੀ ਜਾਰੀ ਕੀਤੀ ਜਾ ਚੁੱਕੀ ਹੈ ਜਿਸ 'ਚੋਂ ਸਭ ਤੋਂ ਵੱਧ ਪੰਜਾਬ ਨੂੰ 1681.45 ਕਰੋੜ ਰੁਪਏ ਮਿਲੇ ਹਨ। ਪਿਛਲੀ ਕਾਂਗਰਸ ਸਰਕਾਰ ਸਮੇਂ 1178 ਕਰੋੜ ਦੀ ਲਾਗਤ ਨਾਲ 90,422 ਖੇਤੀ ਮਸ਼ੀਨਾਂ ਦਿੱਤੀਆਂ ਗਈਆਂ ਸਨ। ਉਸ ਵਕਤ ਹੋਈ ਪੜਤਾਲ 'ਚ 11,275 ਮਸ਼ੀਨਾਂ ਲੱਭੀਆਂ ਹੀ ਨਹੀਂ ਸਨ ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ 140 ਕਰੋੜ ਦਾ ਰਗੜਾ ਲੱਗਿਆ ਸੀ।

**ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕੀਤੀ: ਡਾਇਰੈਕਟਰ**

ਖੇਤੀ ਮਹਿਕਮੇ ਦੇ ਡਾਇਰੈਕਟਰ ਜਸਵੰਤ ਸਿੰਘ ਦਾ ਕਹਿਣਾ ਸੀ ਕਿ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਦੀ ਰਿਪੋਰਟ ਦੇ ਅਧਾਰ 'ਤੇ ਮਹਿਕਮੇ ਵੱਲੋਂ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਾਲੇ ਇਹ ਵਿਸਥਾਰਤ ਪੜਤਾਲ ਦੀ ਲੋੜ ਹੈ ਕਿ ਕੀ ਪੰਜ ਸਾਲ ਪੁਰਾਣੀ ਖੇਤੀ ਮਸ਼ੀਨਰੀ ਲੱਭੀ ਨਹੀਂ ਹੈ ਜਾਂ ਮਸ਼ੀਨਰੀ ਖ਼ਰਾਬ ਹਾਲਤ ਵਿੱਚ ਕਿਤੇ ਹੋਰ ਖੜ੍ਹੀ ਸੀ। ਵੇਰਵਿਆਂ ਅਨੁਸਾਰ ਖੇਤੀ ਮਹਿਕਮੇ ਵੱਲੋਂ ਪਹਿਲਾਂ ਹੀ ਖੇਤੀ ਮਸ਼ੀਨਰੀ ਦਾ ਆਡਿਟ ਕਰਾਇਆ ਜਾ ਰਿਹਾ ਹੈ। ਪਰਾਲੀ ਪ੍ਰਬੰਧਨ ਵਾਸਤੇ ਕਿਸਾਨਾਂ ਨੂੰ ਸਬਸਿਡੀ ਵਾਲੀ ਖੇਤੀ ਮਸ਼ੀਨਰੀ ਤਾਂ ਮਿਲ ਗਈ ਹੈ ਪਰ ਉਨ੍ਹਾਂ ਨੂੰ ਇਸ ਮਸ਼ੀਨਰੀ ਨੂੰ ਖਿੱਚਣ ਵਾਸਤੇ ਵੱਡੇ ਟਰੈਕਟਰ ਵੀ ਲੈਣੇ ਪੈ ਰਹੇ ਹਨ।

## ਨਹੀਂ ਮਿਲਿਆ ਮਿਡ ਡੇ ਮੀਲ ਵਰਕਰਾ ਨੂੰ ਮਹੀਨਾ ਜੂਨ ਅਤੇ ਜੁਲਾਈ ਦਾ ਮਿਹਨਤਾਨਾ

**ਬਰਨਾਲਾ, 14 ਅਗਸਤ/ਰਾਕੇਸ਼ ਗੋਇਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਡ ਡੇ ਮੀਲ ਵਰਕਰਜ ਯੂਨੀਅਨ ਜ਼ਿਲ੍ਹਾ ਬਰਨਾਲਾ ਦੀ ਮੀਟਿੰਗ ਕਰਮਜੀਤ ਕੌਰ ਰਾਏਸਰ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਬਰਨਾਲਾ ਵਿਖੇ ਹੋਈ। ਜਿਸ ਵਿੱਚ ਬੋਲਦਿਆਂ ਅਜਮੇਰ ਹੋਰ ਖਿਆਲੀ ਸ਼ਿੰਦਰ ਕੌਰ ਵੀਰਪਾਲ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਜੋਂ ਟਾਹਰਾਂ ਮਾਰ ਰਹੀ ਹੈ, ਖ਼ਜ਼ਾਨਾ ਭਰਿਆ ਹੋਇਆ ਇਹ ਪੋਲ ਉਸ ਵੇਲੇ ਨਿੱਕਲ ਗਈ ਜਦੋਂ ਮਿਡ ਡੇ ਮੀਲ ਵਰਕਰਾ ਨੂ ਮਹੀਨਾ ਜੂਨ ਅਤੇ ਜੁਲਾਈ ਦਾ ਮਿਹਨਤਾਨਾ ਵੀ ਨਹੀਂ ਮਿਲਿਆ। ਜਦ ਕਿ ਰੱਖੜੀ ਦਾ ਤਿਉਹਾਰ ਵੀ ਚਲ ਰਿਹਾ ਹੈ। ਇਹ ਸਰਕਾਰ ਨੇ ਜੇਕਰ ਘੱਟੋ ਘੱਟ ਉਜਰਤਾ ਡੀ ਸੀ ਰੇਟ ਨਾ ਦਿੱਤੇ ਅਤੇ 25 ਬੱਚਿਆਂ ਦਾ ਖਾਣਾ ਬਣਾਉਣ ਲਈ ਇੱਕ ਕੁਕ ਦੀ ਪ੍ਰਵੀਜਨ ਨਾ ਕੀਤੀ ਅਤੇ ਬਾਕੀ ਹੋਰ ਮੰਗਾਂ ਮੰਗ ਪੱਤਰ ਅਨੁਸਾਰ ਨਹੀਂ ਮੰਨੀਆਂ ਗਈਆਂ ਤਾਂ 16 ਅਗਸਤ ਨੂੰ ਸੂਬਾ ਪੱਧਰੀ ਸੰਗਰੂਰ ਵਿਖੇ ਹੋ ਰਹੀ ਰੈਲੀ ਵਿੱਚ ਸੈਂਕੜੇ ਵਰਕਰਾਂ ਬਰਨਾਲਾ ਜ਼ਿਲ੍ਹੇ ਵਿੱਚੋਂ ਸ਼ਮੂਲੀਅਤ ਕਰਨਗੀਆਂ।

ਇਸ ਮੀਟਿੰਗ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਚੀਮਾ ਵਿਵੇਕ ਕੁਮਾਰ ਅਤੇ ਜਸਵੀਰ ਕੌਰ ਮਹਿਲਖੁਰਦ, ਬਲਵਿੰਦਰ ਕੌਰ ਬੀਹਲਾ, ਪਰਮਜੀਤ ਕੌਰ ਸਹਿਜੜਾ, ਗੁਰਮੀਤ ਕੌਰ, ਬਲਜੀਤ ਕੌਰ, ਪਲਵਿੰਦਰ ਕੌਰ, ਸੁਖਜੀਤ ਕੌਰ ਛੀਨੀਵਾਲ, ਕਰਮਜੀਤ ਕੌਰ ਕਲਾਲਮਾਜਰਾ, ਰਾਜਵਿੰਦਰ ਕੌਰ ਭੱਦਲਵੱਡ, ਮਨਪ੍ਰੀਤ ਕੌਰ ਛਾਪਾ ਵੀ ਹਾਜ਼ਰ ਸਨ।

## ਆਈਟੀਆਈ ਨੰਗਲ ਅਤੇ ਐੱਨਐੱਫਐੱਲ ਵਲੋਂ ਡੀਐਸਟੀ ਸਕੀਮ ਤਹਿਤ ਸਮਝੌਤੇ ਹਸਤਾਖਰ



**ਨੰਗਲ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੀਆਂ ਹਦਾਇਤਾ ਅਨੁਸਾਰ ਆਈਟੀਆਈ ਨੰਗਲ ਵੱਲੋਂ ਭਾਰਤ ਸਰਕਾਰ ਦੀ ਉਦਯੋਗਿਕ ਇਕਾਈ ਐੱਨਐੱਫਐੱਲ ਨਾਲ ਇੱਕ ਸਮਝੌਤੇ ਹਸਤਾਖਰ ਕੀਤੇ ਗਏ ਹਨ। 'ਡਿਊਲ ਸਿਸਟਮ ਆਫ ਟਰੇਨਿੰਗ ਸਕੀਮ' ਕੀਤੇ ਗਏ ਇਸ ਸਮਝੌਤੇ ਤਹਿਤ ਆਈਟੀਆਈ ਨੰਗਲ ਵਿੱਚ ਇਸ ਦਾਖਲਾ ਸੈਸ਼ਨ ਤੋਂ ਸ਼ੁਰੂ ਕੀਤੀ ਗਈ ਨਵੀਂ ਟਰੇਡ 'ਅਟੈਂਡੈਂਟ ਅਪਰੇਟਰ ਕੈਮੀਕਲ ਪਲਾਂਟ' ਦੇ ਸਿੱਖਿਆਰਥੀਆਂ ਸਮੇਤ ਇੱਕ ਦਰਜਣ ਤੋਂ ਵਧ ਵੱਖ ਵੱਖ ਟਰੇਡਾ ਦੇ ਸਿੱਖਿਆਰਥੀਆਂ ਨੂੰ ਕਿੱਤਾ ਮੁੱਖੀ ਸਿੱਖਿਆਂ ਦਿੱਤੀ ਜਾਵੇਗੀ।ਐੱਨਐੱਫਐੱਲ ਨਵਾਂ ਨੰਗਲ ਇਕਾਈ ਮੁੱਖੀ ਐੱਨਐੱਨ ਗੋਇਲ ਦੀ ਅਗਵਾਈ ਵਿੱਚ ਕੀਤੇ ਗਏ ਐੱਮਓਯੂ ਸਮਝੌਤੇ ਉਪਰ ਆਈ ਟੀ ਆਈ ਨੰਗਲ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਅਤੇ ਐੱਨਐੱਫਐੱਲ ਚੀਫ ਜਰਨਲ ਮਨੇਜਰ ਐੱਚਆਰ ਸੰਜੈ ਕੁਮਾਰ ਸ਼ਰਮਾ ਵਲੋਂ ਹਸਤਾਸਰ ਕੀਤੇ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਦੱਸਿਆਂ ਕਿ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ, ਭਾਰਤ ਸਰਕਾਰ ਦੇ ਡੀਜੀਈ ਐਂਡ ਟੀ ਵੱਲੋਂ ਸਿੱਖਿਆਰਥੀਆਂ ਦੀ ਟ੍ਰੇਨਿੰਗ ਨੂੰ ਮੁੱਖ ਰੱਖਦਿਆਂ ਡਿਊਲ ਸਿਸਟਮ ਆਫ ਟ੍ਰੇਨਿੰਗ ਸਕੀਮ ਤਹਿਤ ਐਮ ਓ ਯੂ ਸਹੀਬੱਧ ਕੀਤਾ ਗਿਆ ਹੈ।ਉਕਤ ਸਹੀਬੱਧ ਕੀਤੇ ਗਏ ਐਮਓਯੂ ਤਹਿਤ ਆਈਟੀਆਈ ਦੇ ਸਿੱਖਿਆਰਥੀਆਂ ਨੂੰ ਫਿਟਰ, ਵੈਲ਼ਡਰ, ਇਲੈਕਟ੍ਰੀਸ਼ਨ, ਟਰਨਰ, ਡਰਾਫਟਸਮੈਨ ਮਕੈਨੀਕਲ, ਮਕੈਨਿਕ ਮੋਟਰ ਵਹੀਕਲ, ਕਾਰਪੇਂਟਰ,ਪਲੰਬਰ ਆਦਿ ਟਰੇਡਾਂ ਵਿੱਚ ਪਰੈਕਟੀਕਲ ਸਿਖਲਾਈ ਐੱਨਐੱਫਐੱਲ ਨਵਾਂ ਨੰਗਲ ਵਿਖੇ ਦਿੱਤੀ ਜਾਵੇਗੀ ਅਤੇ ਥਿਊਰੀ ਆਈਟੀਆਈ ਨੰਗਲ ਵਿਖੇ ਪੜ੍ਹਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇੰਡਸਟਰੀ ਦੀ ਮੰਗ ਅਨੁਸਾਰ ਕਾਰਵਾਈ ਜਾਣ ਵਾਲੀ ਇਹ ਟਰੇਨਿੰਗ ਸਿੱਖਿਆਥੀਆਂ ਲਈ ਲਾਹੇਵੰਦ ਹੋਵੇਗੀ। ਉਨਾਂ ਦੱਸਿਆਂ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਇਸ ਦਾਖਲਾ ਸੈਸ਼ਨ ਤੋਂ ਆਈਟੀਆਈ ਨੰਗਲ ਵਿਖੇ ਚਾਰ ਨਵੇਂ ਕੋਰਸ 'ਅਟੈਂਡੈਂਟ ਅਪਰੇਟਰ ਕੈਮੀਕਲ ਪਲਾਂਟ',ਸੋਲਰ ਟੈਕਨੀਸ਼ਨ ਇਲੈਕ੍ਰੀਕਲ,ਸੀਐੱਨਸੀ ਮਸ਼ੀਨਿੰਗ ਟੈਕਨੀਸ਼ਨ,ਮਕੈਨਿਕ ਇਲੈਕਟ੍ਰੀਕਲ ਵਹੀਕਲ , ਸ਼ੁਰੂ ਕੀਤੇ ਗਏ ਹਨ।ਉਨਾਂ ਦੱਸਿਆਂ ਕਿ ਸੰਸਥਾਂ ਵਿੱਚ ਸੈਸ਼ਨ 2025-26 ਅਤੇ 2025-27 ਲਈ ਦਾਖਲਾ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਚੁੱਕਾ ਹੈ।ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿੱਤਾ ਮੁੱਖੀ ਕੋਰਸਾ ਵਿੱਚ ਦਾਖਲਾ ਲੈ ਕੇ ਆਪਣਾ ਭਵਿੱਖ ਉੱਜਵਲ ਕਰਨ।

ਇਸ ਮੌਕੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ , ਐੱਨਐੱਫਐੱਲ ਚੀਫ ਜਰਨਲ ਮਨੇਜਰ ਐੱਚਆਰ ਸੰਜੈ ਕੁਮਾਰ ਸ਼ਰਮਾ, ਸੁਸ਼ਮਿਤਾ ਕਪੂਰ ਸੀਨੀਅਰ ਮਨੇਜਰ ਐੱਚਆਰ, ਸਹਾਇਕ ਮਨੇਜਰ ਭੀਸ਼ਮ ਕੁਮਾਰ,ਸੀਨੀਅਰ ਸਹਾਇਕ ਵਿਪਨ ਕੁਮਾਰ,ਅਮਨਦੀਪ ਸਿੰਘ, ਸੁਮਿਤ ਕੁਮਾਰ ਆਦਿ ਵੀ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਪੁਲਿਸ ਨੇ 391 ਥਾਵਾਂ 'ਤੇ ਕੀਤੀ ਛਾਪੇਮਾਰੀ; 68 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 162ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 391 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 50 ਐਫਆਈਆਰਜ਼ ਦਰਜ ਕਰਕੇ 68 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਨਾਲ, 162 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 25,343 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.4 ਕਿਲੋਗ੍ਰਾਮ ਹੈਰੋਇਨ ਅਤੇ 1594 ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਕੀਤੇ ਗਏ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ।

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 67 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 110 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 414 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 43 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਕਰਵਾਇਆ ਕਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦਸੂਹਾ ਵਿਖੇ ਗਿਆਰਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ-ਵੱਖ ਸਟ ?ਰੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ ਅਤੇ ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸੇ ਤਰ੍ਹਾਂ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਯੰਗ ਪ੍ਰੋਫੈਸ਼ਨਲ ਨੇ ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ ਡੀ ਬੀ ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਪਲੈਨਿੰਗ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ।

ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾ ਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ।

# ਰੱਖੜ ਪੁੰਨਿਆ ਤੇ ਕਰਵਾਇਆ ਗਿਆ ਦੰਗਲ ਮੇਲਾ , ਝੰਡੀ ਦੀ ਕੁਸ਼ਤੀ ਰਹੀ ਬਰਾਬਰ



**ਮਾਛੀਵਾੜਾ ਸਾਹਿਬ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਅਧੀਨ ਆਉਂਦੇ ਪਿੰਡ ਮੰਡ ਸ਼ੇਰੀਆਂ, ਬੁਰਜ ਸ਼ੇਰਪੁਰ, ਮੰਡ ਸੁੱਖੋਵਾਲ ਵੱਲੋਂ ਇਲਾਕਾ ਨਿਵਾਸੀ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪ੍ਰਸਿੱਧ ਰੱਖੜ ਪੁੰਨਿਆ ਦਾ ਦੰਗਲ ਮੇਲਾ ਧੰਨ ਧੰਨ ਖਵਾਜਾ ਪੀਰ ਜੀ ਦੀ ਯਾਦ ਵਿੱਚ ਮੰਡ ਸ਼ੇਰੀਆਂ ਦੇ ਸਟੇਡੀਅਮ ਵਿੱਚ ਕਰਵਾਇਆ ਗਿਆ ਜਿਸ ਵਿੱਚ ਦੀਪਾ ਬਾਬਾ ਜੀ ਫਲਾਹੀ ਵਾਲਿਆਂ ਦੀ ਅਗਵਾਈ ਵਿੱਚ 300 ਤੋਂ ਵੱਧ ਪਹਿਲਵਾਨਾਂ ਨੇ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਂਦਿਆਂ ਦਰਸ਼ਕਾਂ ਦਾ ਮਨ ਮੋਹਿਆ। ਦੰਗਲ ਕਮੇਟੀ ਪ੍ਰਧਾਨ ਪ੍ਰਿਤਪਾਲ ਸਿੰਘ ਪੋਲਾ ਸਰਪੰਚ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕਾ ਨਿਵਾਸੀਆਂ ਐਨ.ਆਰ.ਆਈ. ਵੀਰਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਰੱਖੜ ਪੁੰਨਿਆ ਦਾ ਦੰਗਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਨੇ ਕੁਸ਼ਤੀਆਂ ਦਾ ਆਨੰਦ ਮਾਣਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਕਾਂਗਰਸ ਪਾਰਟੀ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਮਾਰਕੀਟ ਕਮੇਟੀ ਮਾਛੀਵਾੜਾ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਆਪਣੇ ਸਾਥੀਆਂ ਸਮੇਤ ਸ਼ਿਰਕਤ ਕੀਤੀ।ਯਾਦਗਾਰੀ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ। ਸਪੈਸ਼ਲ ਕੁਸ਼ਤੀਆਂ ਵਿੱਚ ਅਲੀ ਨਵਾਂ ਸ਼ਹਿਰ ਨੇ ਜੱਗਾ ਢਿਲਵਾਂ ਨੂੰ ਚਿੱਤ ਕਰਦਿਆਂ ਦਰਸ਼ਕਾਂ ਤੋਂ ਖੂਬ ਤਾੜੀਆਂ ਬਟੋਰੀਆਂ। ਲਾਲੀ ਮੰਡ ਚੌਂਤਾ ਨੇ ਆਪਣੇ ਵਿਰੋਧੀ ਪਹਿਲਵਾਨ ਨੂੰ ਹਰਾ ਕੇ ਵਾਹਵਾ ਖੱਟੀ। ਹਰਸ਼ ਅਤੇ ਜੈਦੀਪ ਦੀ ਕੁਸ਼ਤੀ ਨੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ ,ਅੰਤ ਹਰਸ਼ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਛੋਟਾ ਗੌਰਵ ਮਾਛੀਵਾੜਾ ਨੇ ਗੁਰਨਾਮ ਬਾਬਾ ਫਲਾਹੀ ਨੂੰ ਚਿੱਤ ਕਰਦਿਆਂ ਜਿੱਤ ਪ੍ਰਾਪਤ ਕੀਤੀ। ਪਰਮਿੰਦਰ ਬਾਬਾ ਫਲਾਹੀ ਨੇ ਸਹਿਜਦੀਪ ਰੋਣੀ ਨੂੰ ਹਰਾਇਆ। ਝੰਡੀ ਦੀਆਂ ਤਿੰਨ ਕੁਸ਼ਤੀਆਂ ਕਰਵਾਈਆਂ ਗਈਆਂ ਜਿਸ ਵਿੱਚ ਹੋਈ ਇਰਾਨ ਅਤੇ ਤਾਲਿਬ ਬਾਬਾ ਫਲਾਹੀ ਵਿਚਕਾਰ ਕਰਵਾਈ ਗਈ ਕੁਸ਼ਤੀ ਪੁਆਇੰਟਾਂ ਤੇ ਵੀ ਬਰਾਬਰ ਰਹੀ, ਗੌਰਵ ਮਾਛੀਵਾੜਾ ਅਤੇ ਅਭਿਨਾਇਕ ਦਿੱਲੀ ਵਿਚਕਾਰ ਹੋਈ ਝੰਡੀ ਦੀ ਕੁਸ਼ਤੀ ਵੀ ਬਰਾਬਰ ਰਹੀ। ਜਦ ਕਿ ਸ਼ਾਨਵੀਰ ਕੁਹਾਲੀ ਨੇ ਨਿਤਿਸ਼ ਹਰਿਆਣਾ ਨੂੰ ਪੁਆਇੰਟ ਲੈ ਕੇ ਚਿੱਤ ਕੀਤਾ। ਇਸ ਦੰਗਲ ਮੇਲੇ ਦੀ ਕੁਮੈਂਟਰੀ ਪ੍ਰਸਿੱਧ ਕੁਮੈਂਟੇਟਰ ਮਨਜੀਤ ਸਿੰਘ ਕੰਗ ਰਾਹੋਂ ਵਾਲੇ ,ਨਾਜਰ ਸਿੰਘ ਪਹਿਲਵਾਨ ,ਜੱਗੀ ਰਈਏਵਾਲ, ਨੇ ਆਪਣੇ ਸ਼ਾਇਰਾਂ ਨਾਲ ਅੰਦਾਜ ਵਿੱਚ ਕੀਤੀ ਜਿਸ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ। ਇਸ ਦੰਗਲ ਮੇਲੇ ਦਾ ਲਾਈਵ ਪ੍ਰਸਾਰਨ ਪ੍ਰਸਿੱਧ ਚੈਨਲ ਪਿੰਰ ਪੰਜਾਬੀ ਤੇ ਦਿਖਾਇਆ ਗਿਆ।

ਮਨਜੀਤ ਸਿੰਘ ਝੱਜ, ਹਰਪਾਲ ਸਿੰਘ ਝੱਜ, ਗਿਆਨ ਸਿੰਘ ਝੱਜ ,ਪ੍ਰੇਮਾ ਝੱਜ, ਦੀਪਾ ਝੱਜ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਸੰਗਤਾਂ ਲਈ ਮਿੱਠੇ ਚੌਲਾਂ ਦਾ ਲੰਗਰ ਲਗਾਇਆ ਗਿਆ। ਪਹਿਲਵਾਨਾਂ ਦੇ ਜੋੜ ਦੀਪਾ ਬਾਬਾ ਜੀ ਫਲਾਹੀ ਵਾਲਿਆਂ ਨੇ ਮਿਲਾਏ ਜਦਕਿ ਅਖਾੜੇ ਵਿੱਚ ਰੈਫਰੀ ਦੀ ਭੂਮਿਕਾ ਮਹਿੰਦਰ ਪਹਿਲਵਾਨ ਕੱਚਾ ਮਾਛੀਵਾੜਾ, ਪਾਲੀ ਕੋਚ ਮਾਛੀਵਾੜਾ, ਮਨਪ੍ਰੀਤ ਹੇਡੋਂਵਾਲ, ਪੰਮਾ ਮਾਛੀਵਾੜਾ ਨੇ ਬਾਖੂਬੀ ਨਿਭਾਈ ਇਸ ਦੰਗਲ ਮੇਲੇ ਵਿੱਚ ਪ੍ਰਧਾਨ ਪ੍ਰਿਤਪਾਲ ਸਿੰਘ ਪੋਲਾ,ਸਾਬਕਾ ਸਰਪੰਚ ਭਾਗ ਸਿੰਘ, ਮਾਸਟਰ ਲਖਵਿੰਦਰ ਸਿੰਘ, ਥਾਣੇਦਾਰ ਨਿਰਭੈ ਸਿੰਘ, ਸੁਖਦੀਪ ਸਿੰਘ ਸੋਨੀ ਸਰਪੰਚ,, ਮਾਸਟਰ ਬਿੱਕਰ ਸਿੰਘ, ਮੋਹਨ ਸਿੰਘ ਜੌਹਲ, ਸੁਖਦੇਵ ਸਿੰਘ ਕਾਲਾ ਕੁਲਵੰਤ ਸਿੰਘ ਕਾਂਤਾ ਯੂ.ਐੱਸ.ਏ., ਦਲਬਾਰਾ ਸਿੰਘ ਸੁੱਖੋਵਾਲ, ਸਰਪੰਚ ਸਤਨਾਮ ਸਿੰਘ, ਰਮਨ ਭੰਗੂ, ਰਿੰਕੂ ਕੁਲਵੰਤ ਸਿੰਘ ਜੌਹਲ, ਸਰਪੰਚ ਬਗੀਚਾ ਸਿੰਘ, ਇੰਸਪੈਕਟਰ ਗੁਰਚਰਨ ਸਿੰਘ, ਜਗਤਾਰ ਸਿੰਘ ਜੌਹਲ ਯੂ.ਐਸ.ਏ, ਸਾਬਕਾ ਸਰਪੰਚ ਹਰਜੀਤ ਸਿੰਘ ਗਰੇਵਾਲ, ਕੁਲਵੀਰ ਸਿੰਘ ਭੁਖੜੀ, ਜੀਤੀ ਗਰੇਵਾਲ, ਬਲਦੇਵ ਸਿੰਘ, ਹਰਬਪ੍ਰੀਤ, ਕੁਲਦੀਪ ਸਿੰਘ ਬਹਾਦਰ ਸਿੰਘ, ਤੇਜਾ ਸਿੰਘ, ਪਟਵਾਰੀ ਅਮਰਪਾਲ ਸਿੰਘ, ਬਲਦੇਵ ਸਿੰਘ, ਦੇਸਰਾਜ, ਮੁਲਖਰਾਜ, ਪਰਮਿੰਦਰ ਸਿੰਘ ਨੀਟਾ, ਸੁਖਵਿੰਦਰ ਸਿੰਘ, ਬਾਬਾ ਸਤਨਾਮ ਸਿੰਘ , ਬਲਵਿੰਦਰ ਸਿੰਘ, ਰਕੇਸ਼ ਕੁਮਾਰ ਸਿੰਦੂ, ਯੁਵਰਾਜਜੀਤ ਸਿੰਘ ਰਾਏ, ਪਰਵੀਰ ਮੱਕੜ, ਰਜਿੰਦਰ ਕੁਮਾਰ, ਗੁਰਵੀਰ ਸਿੰਘ ਖਾਲਸਾ, ਥਾਣੇਦਾਰ ਬੂਟਾ ਸਿੰਘ, ਮੇਜਰ ਹਿੰਦੁਸਤਾਨੀ, ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ, ਸਰਪੰਚ ਬਲਵਿੰਦਰ ਸਿੰਘ, ਸਰਪੰਚ ਜੋਗਿੰਦਰ ਸਿੰਘ ਨੇ ਦੰਗਲ ਮੇਲੇ ਦਾ ਖੂਬ ਆਨੰਦ ਮਾਣਿਆ। ਪ੍ਰਬੰਧਕ ਕਮੇਟੀ ਵੱਲੋਂ ਪੁੱਜੇ ਮਹਿਮਾਨਾਂ ਅਤੇ ਦਾਨੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਪੰਜਾਬ ਵਿਰਾਸਤੀ ਅਤੇ ਆਧੁਨਿਕ ਖੇਡਾਂ 'ਚ ਬਣੇਗਾ ਰੋਲ ਮਾਡਲ : ਸੋਨੀਆ ਅਲਗ

**ਲੁਧਿਆਣਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵਲੋਂ ਚਲਾਈ ਗਈ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਦਾ ਸਫਾਇਆ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਪਿੰਡ ਪੱਧਰ 'ਤੇ ਰਿਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰ ਰਹੀ ਹੈ।

ਇਹ ਗੱਲ ਆਮ ਆਦਮੀ ਪਾਰਟੀ ਦੇ ਸਪੋਰਟਸ ਵਿੰਗ ਲੁਧਿਆਣਾ ਦੀ ਪ੍ਰਧਾਨ ਤੇ ਪਿੱਕਲਬਾਲ ਐਸੋਸੀਏਸ਼ਨ ਪੰਜਾਬ ਦੀ ਜੁਆਇੰਟ ਸਕੱਤਰ ਸੋਨੀਆ ਅਲਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਹੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਵਿਰਾਸਤੀ ਪੇਂਡੂ ਖੇਡ ਬੈਲ ਗੱਡੀਆਂ ਦੀ ਦੌੜ 'ਤੇ ਸੁਪਰੀਮ ਕੋਰਟ ਵੱਲੋਂ ਲਗਾਈ ਗਈ ਰੋਕ ਨੂੰ ਵਿਧਾਨ ਸਭਾ 'ਚ ਮਤਾ ਪਾਸ ਕਰਕੇ ਹਟਾ ਕੇ ਦਿੱਤਾ ਗਿਆ ਹੈ। ਜਿਸ ਨਾਲ ਮੁੜ ਤੋਂ ਪੰਜਾਬ ਦੀ ਵਿਰਾਸਤੀ ਪੇਂਡੂ ਖੇਡ ਮੇਲਿਆਂ ਵਿੱਚ ਪੇਂਡੂ ਖੇਡ ਬੈਲ ਗੱਡੀਆਂ ਦੀ ਦੌੜਾਂ ਦੀ ਸ਼ੁਰੂਆਤ ਹੋ ਜਾਵੇਗੀ।

ਪ੍ਰਧਾਨ ਸੋਨੀਆ ਅਲਗ ਨੇ ਕਿਹਾ ਕਿ ਪੰਜਾਬ ਵਿੱਚ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕੀਤਾ ਜਾ ਰਿਹਾ ਹੈ। ਨੌਜਵਾਨਾਂ ਦੇ ਵਧ ਰਹੇ ਉਤਸ਼ਾਹ ਨੂੰ ਦੇਖਦੇ ਹੋਏ ਵਿਰਾਸਤੀ ਖੇਡਾਂ ਦੇ ਨਾਲ ਨਾਲ ਆਧੁਨਿਕ ਖੇਡ ਪਿੱਕਲਬਾਲ ਨੂੰ ਵੀ ਪੰਜਾਬ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਦਾ ਐਲਾਨ ਜਲਦ ਹੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਖੇਡ ਨੂੰ ਪੰਜਾਬ ਵਿੱਚ ਸ਼ੁਰੂ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰੀ ਝੰਡੀ ਦੇ ਦਿੱਤੀ ਹੈ। ਇਸ ਖੇਡ ਦੇ ਸ਼ੁਰੂ ਹੋਣ ਨਾਲ ਪੰਜਾਬ ਖੇਡਾਂ ਵਿੱਚ ਇੱਕ ਵਿਸ਼ੇਸ਼ ਹਬ ਬਣ ਜਾਵੇਗਾ। ਪ੍ਰਧਾਨ ਸੋਨੀਆ ਅਲਗ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਆਧੁਨਿਕ ਖੇਡਾਂ ਦੀ ਸ਼ੁਰੂਆਤ ਕੀਤੀ ਜਾਵੇਗੀ।

# ਯਮੁਨਾ ਨਦੀ ਦੇ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੇੜੇ ਪੁੱਜਾ

**ਨਵੀਂ ਦਿੱਲੀ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਵਿੱਚ ਯਮੁਨਾ ਨਦੀ ਦੇ ਪਾਣੀ ਦਾ ਪੱਧਰ ਪੁਰਾਣੇ ਰੇਲਵੇ ਪੁਲ 'ਤੇ ਅੱਜ ਸਵੇਰੇ 9 ਵਜੇ 204.40 ਮੀਟਰ ਤੱਕ ਪਹੁੰਚ ਗਿਆ, ਜੋ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਹੈ। ਅਧਿਕਾਰੀਆਂ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਸਾਰੀਆਂ ਸਬੰਧਤ ਏਜੰਸੀਆਂ ਨੂੰ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਇਹਤਿਆਤੀ ਕਦਮ ਚੁੱਕਣ ਲਈ ਕਿਹਾ ਗਿਆ ਹੈ।

ਕੇਂਦਰੀ ਹੜ੍ਹ ਨਿਗਰਾਨੀ ਸੈੱਲ ਦੇ ਇੱਕ ਅਧਿ ?ਕਾਰੀ ਨੇ ਦੱਸਿਆ, "ਪਾਣੀ ਦਾ ਪੱਧਰ ਵਧਣ ਦਾ ਮੁੱਖ ਕਾਰਨ ਵਜ਼ੀਰਾਬਾਦ ਅਤੇ ਹਥਨੀਕੁੰਡ ਬੈਰਾਜਾਂ ਤੋਂ ਹਰ ਘੰਟੇ ਵੱਡੀ ਮਾਤਰਾ ਵਿੱਚ ਪਾਣੀ ਛੱਡਿਆ ਜਾਣਾ ਹੈ।" ਉਨ੍ਹਾਂ ਕਿਹਾ ਕਿ ਸ਼ਾਇਦ ਹਰਿਆਣਾ ਅਤੇ ਉੱਤਰਾਖੰਡ ਦੇ ਉਪਰਲੇ ਪਾਣੀ ਦੇ ਸੋਮੇ ਵਾਲੇ ਖੇਤਰਾਂ ਵਿੱਚ ਮੀਂਹ ਕਾਰਨ ਪਾਣੀ ਦਾ ਪੱਧਰ ਵਧਿਆ ਹੈ। ਪੁਰਾਣਾ ਰੇਲਵੇ ਪੁਲ ਨਦੀ ਦੇ ਵਹਾਅ ਅਤੇ ਸੰਭਾਵੀ ਹੜ੍ਹਾਂ ਦੇ ਖ਼ਤਰੇ 'ਤੇ ਨਜ਼ਰ ਰੱਖਣ ਲਈ ਇੱਕ ਅਹਿਮ ਨਿਗਰਾਨੀ ਬਿੰਦੂ ਵਜੋਂ ਕੰਮ ਕਰਦਾ ਹੈ।

ਹੜ੍ਹ ਕੰਟਰੋਲ ਵਿਭਾਗ ਅਨੁਸਾਰ, ਵਜ਼ੀਰਾਬਾਦ ਤੋਂ ਲਗਪਗ 30,800 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ ਅਤੇ ਹਥਨੀਕੁੰਡ ਬੈਰਾਜ ਤੋਂ ਹਰ ਘੰਟੇ ਲਗਪਗ 25,000 ਕਿਊਸਿਕ ਪਾਣੀ ਹਰ ਘੰਟੇ ਆ ਰਿਹਾ ਹੈ। ਸ਼ਹਿਰ ਲਈ ਚਿਤਾਵਨੀ ਦਾ ਨਿਸ਼ਾਨ 204.5 ਮੀਟਰ ਹੈ, ਜਦਕਿ ਖ਼ਤਰੇ ਦਾ ਨਿਸ਼ਾਨ 205.3 ਮੀਟਰ ਹੈ ਅਤੇ ਇਹ ਪੱਧਰ 206 ਮੀਟਰ ਤੱਕ ਪਹੁੰਚਣ ਮਗਰੋਂ ਪਾਣੀ ਦਾ ਨਿਕਾਸ ਸ਼ੁਰੂ ਹੋ ਜਾਂਦਾ ਹੈ।

ਬੈਰਾਜ ਤੋਂ ਛੱਡੇ ਗਏ ਪਾਣੀ ਨੂੰ ਦਿੱਲੀ ਪਹੁੰਚਣ ਵਿੱਚ ਆਮ ਤੌਰ 'ਤੇ 48 ਤੋਂ 50 ਘੰਟੇ ਲੱਗਦੇ ਹਨ।

# ਕੈਂਪ ਵਿੱਚ 7,983 ਸ਼ਿਕਾਇਤਾਂ ਦਾ ਹੱਲ



**ਜੀਂਦ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਵੀਡੀਓ ਕਾਨਫਰੰਸ ਦੇ ਜ਼ਰੀਏ ਪ੍ਰਦੇਸ਼ ਦੇ ਸਾਰੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਸਮਾਧਾਨ ਕੈਂਪ, ਸੀਐੱਮ ਵਿੰਡੋ ਅਤੇ ਐੱਸਐੱਲਜੀਟੀ ਪੋਰਟਲ ਉੱਤੇ ਲਟਕੀ ਹੋਈਆਂ ਸ਼ਿਕਾਇਤਾਂ ਦੀ ਸਮੀਖਿਆ ਬੈਠਕ ਕੀਤੀ ਗਈ। ਸ੍ਰੀ ਸੈਣੀ ਨੇ ਵੀਡੀਓ ਕਾਨਫਰੰਸ ਰਾਹੀਂ ਆਦੇਸ਼ ਕੀਤੇ ਕਿ ਸਾਰੇ ਡੀਸੀ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਸਮਾਧਾਨ ਕੈਂਪ, ਸੀਐੱਮ ਵਿੰਡੋ, ਜਨ ਸੰਵਾਦ ਅਤੇ ਐੱਮਐੱਸਜੀਟੀ ਪੋਰਟਲ ਉੱਤੇ ਪ੍ਰਾਪਤ ਜਨ ਸ਼ਿਕਾਇਤਾਂ ਦਾ ਨਿਪਟਾਰਾ ਜਲਦੀ ਕੀਤਾ ਜਾਵੇ ਅਤੇ 60 ਦਿਨਾਂ ਤੋਂ ਲਟਕੀ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵੀਡੀਓ ਕਾਨਫਰੰਸ ਤੋਂ ਡੀਸੀ ਮਹੁੰਮਦ ਇਮਰਾਨ ਰਜ਼ਾ ਨੇ ਸਬੰਧਤ ਚੀਜ਼ਾਂ ਦੀ ਸਮੀਖਿਆ ਕੀਤੀ ਤੇ ਅਧਿਕਾਰੀਆਂ ਨੂੰ ਹਦਾਇਤਾਂ ਕਰਦਿਆਂ ਕਿਹਾ ਕਿ ਜਨ ਹਿੱਤ ਸਰਕਾਰ ਪ੍ਰਾਥਮਿਕਤਾ ਹੈ। ਮੁੱਖ ਮੰਤਰੀ ਵੱਲੋਂ ਸ਼ਿਕਾਇਤਾਂ ਦੀ ਨਿਯਮਿਤ ਰੂਪ ਨਾਲ ਸਮੀਖਿਆ ਕੀਤੀ ਜਾਂਦੀ ਹੈ ਇਸ ਲਈ ਸ਼ਿਕਾਇਤਾਂ ਦੇ ਜਲਦੀ ਨਿਪਟਾਰੇ ਲਈ ਕਿਸੇ ਵੀ ਪ੍ਰਕਾਰ ਦੀ ਕੋਈ ਲਾਪ੍ਰਵਾਹੀ ਸਹਿਣ ਨਹੀਂ ਕੀਤੀ ਜਾਵੇਗੀ। ਅਧਿਕਾਰੀਆਂ ਨੇ ਡੀਸੀ ਨੂੰ ਦੱਸਿਆ ਕਿ ਹੁਣ ਤੱਕ ਆਈਆਂ 9,532 ਸ਼ਿਕਾਇਤਾਂ ਵਿੱਚੋਂ 7,983 ਸ਼ਿਕਾਇਤਾਂ ਦਾ ਨਿਪਟਾਰਾ ਹੋ ਚੁੱਕਿਆ ਹੈ, 116 ਸ਼ਿਕਾਇਤਾਂ ਪ੍ਰੋਸੈੱਸ ਵਿੱਚ ਹਨ ਤੇ 20 ਸ਼ਿਕਾਇਤਾਂ ਅਦਾਲਤ ਮਾਮਲੇ ਕਾਰਨ ਪੈਂਡਿੰਗ ਹਨ। ਡੀਸੀ ਨੇ ਸਾਰੇ ਅਧਿਕਾਰੀਆਂ ਨੂੰ ਆਮ ਲੋਕਾਂ ਦੀਆਂ ਸ਼ਿਕਾਇਤਾਂ ਪਾਰਦਰਸ਼ੀ ਤਰੀਕੇ ਨਾਲ ਅਤੇ ਜਲਦੀ ਨਿਪਟਾਰਾ ਕਰਨ ਦੀਆਂ ਹਦਾਇਤਾਂ ਕੀਤੀਆਂ।

# ਸਿਹਤ ਮੰਤਰੀ ਵੱਲੋਂ ਲੁਧਿਆਣਾ ਦੇ ਲਾਰਡ ਮਹਾਵੀਰ ਸਿਵਲ ਹਸਪਤਾਲ 'ਚ ਆਧੁਨਿਕ ਥੈਲਸੀਮੀਆ ਵਾਰਡ ਦਾ ਉਦਘਾਟਨ



**ਲੁਧਿਆਣਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ੇਸ਼ ਸਿਹਤ ਸੇਵਾਵਾਂ ਵੱਲ ਇੱਕ ਇਤਿਹਾਸਕ ਕਦਮ ਚੁੱਕਦਿਆਂ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਫ਼ ?ਲੈਂਥਰਪੀ ਕਲੱਬ ਦੇ ਸਹਿਯੋਗ ਨਾਲ ਲਾਰਡ ਮਹਾਵੀਰ ਸਿਵਲ ਹਸਪਤਾਲ ਵਿੱਚ ਪੂਰੀ ਤਰ੍ਹਾਂ ਸਜਾਇਆ ਗਿਆ ਆਧੁਨਿਕ ਥੈਲਸੀਮੀਆ ਵਾਰਡ ਸ਼ੁਰੂ ਕੀਤਾ ਗਿਆ। ਇਹ ਵਾਰਡ ਲੁਧਿਆਣਾ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ ਸੈਂਕੜੇ ਮਰੀਜ਼ਾਂ ਨੂੰ ਨਿਯਮਿਤ ਖੂਨ ਚੜ੍ਹਾਉਣ, ਵਿਸ਼ੇਸ਼ ਕੌਂਸਲਿੰਗ ਅਤੇ ਆਧੁਨਿਕ ਇਲਾਜ ਦੀ ਸਹੂਲਤ ਪ੍ਰਦਾਨ ਕਰੇਗਾ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕਈ ਦੇਸ਼ਾਂ ਵਿੱਚ ਥੈਲਸੀਮੀਆ ਪੂਰੀ ਤਰ੍ਹਾਂ ਖਤਮ ਕੀਤਾ ਜਾ ਚੁੱਕਾ ਹੈ ਅਤੇ ਪੰਜਾਬ ਵੀ ਇਸੇ ਮੰਜ਼ਿਲ ਵੱਲ ਵਧ ਰਿਹਾ ਹੈ। ਇਸ ਮਿਸ਼ਨ ਤਹਿਤ, ਕੋਲ ਇੰਡੀਆ ਤੋਂ ਫੰਡ ਪ੍ਰਾਪਤ ਕਰਕੇ ਬੋਨ ਮੈਰੋ ਟ ?ਰਾਂਸਪਲਾਂਟ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਸੀ ਐਮ ਸੀ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਥੈਲਸੀਮੀਆ ਮਰੀਜ਼ਾਂ ਦੇ ਮੁਫ਼ਤ ਆਪਰੇਸ਼ਨ ਕੀਤੇ ਜਾ ਰਹੇ ਹਨ। ਕ ੈਬਨਿਟ ਮੰਤਰੀ ਨੇ ਜ਼ੋਰ ਦਿੱਤਾ ਕਿ ਇਹ ਵਾਰਡ ਸਿਰਫ਼ ਇੱਕ ਮੈਡੀਕਲ ਸਹੂਲਤ ਨਹੀਂ, ਸਗੋਂ ਉਮੀਦ, ਦਇਆ ਅਤੇ ਤਰੱਕੀ ਦੀ ਨਿਸ਼ਾਨੀ ਹੈ। ਕੋਈ ਵੀ ਬੱਚਾ ਜਾਂ ਪਰਿਵਾਰ ਇਲਾਜ ਤੋਂ ਵਾਂਝਾ ਨਾ ਰਹਿ ਜਾਵੇ - ਇਹ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਪੰਜਾਬ ਸਰਕਾਰ ਆਧੁਨਿਕ ਸਿਹਤ ਢਾਂਚੇ, ਮਾਹਿਰ ਮੈਡੀਕਲ ਟੀਮਾਂ ਅਤੇ ਮਰੀਜ਼ ਸਹਾਇਤਾ ਸੇਵਾਵਾਂ ਵਿੱਚ ਨਿਰੰਤਰ ਨਿਵੇਸ਼ ਕਰਦੀ ਰਹੇਗੀ ਤਾਂ ਜੋ ਸਭ ਤੋਂ ਵਧੀਆ ਨਤੀਜੇ ਮਿਲ ਸਕਣ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ "ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ" ਮੁਹਿੰਮ ਨਾਲ ਜੁੜਨ ਲਈ ਵੀ ਅਪੀਲ ਕੀਤੀ ਅਤੇ 20,000 ਆਸ਼ਾ ਵਰਕਰਾਂ ਅਤੇ ਨਰਸਿੰਗ ਵਿਦਿਆਰਥੀਆਂ ਦੇ ਸਮਰਪਿਤ ਯੋਗਦਾਨ ਦੀ ਸ਼ਲਾਘਾ ਕੀਤੀ, ਜੋ ਰਾਜ ਭਰ ਵਿੱਚ ਵੈਕਟਰ-ਬੋਰਨ ਤੋਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਸਰਗਰਮ ਹਨ।

ਇਸ ਮੌਕੇ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਹਲਕਾ ਕੇਂਦਰੀ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਐਸ.ਡੀ.ਐਮ. ਜਸਲੀਨ ਕੌਰ ਭੁੱਲਰ ਅਤੇ ਡਾ. ਰਮਨਦੀਪ ਕੌਰ, ਸਿਵਲ ਸਰਜਨ ਲੁਧਿਆਣਾ ਹਾਜ਼ਰ ਸਨ। ਇਸ ਤੋਂ ਇਲਾਵਾ ਡਿੱਕੀ ਛੱਬੜਾ, ਵਿਮੀ ਬਾਜਾਜ, ਅਨੂ ਗੁਪਤਾ, ਸਿਮਰਤ ਕਥੂਰੀਆ, ਜੈਜ਼ ਭੋਗਲ ਅਤੇ ਨਿਸ਼ਾ ਸ਼ਰਮਾ ਵੀ ਮੌਜੂਦ ਸਨ।

# ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਡਟੇ ਕਿਸਾਨ

**ਪਠਾਨਕੋਟ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋਆਬਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਅਤੇ ਹੋਰ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਮੂਹਰੇ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਪੰਜਾਬ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਜ਼ਿਲ੍ਹਾ ਪ੍ਰਧਾਨ ਮੇਹਰ ਸਿੰਘ, ਅਵਤਾਰ ਸਿੰਘ, ਅਮਰੀਕ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ। ਮੁੱਖ ਬੁਲਾਰੇ ਜੰਗਵੀਰ ਸਿੰਘ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਕਿਸਾਨਾਂ ਲਈ ਬਹੁਤ ਘਾਤਕ ਹੈ। ਜਦ ਵੀ ਪਹਿਲਾਂ ਸਰਕਾਰ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਦੀ ਸੀ ਤਾਂ ਕਿਸਾਨਾਂ ਨੂੰ ਉਸ ਦੀ ਜ਼ਮੀਨ ਤੋਂ 4 ਗੁਣਾਂ ਰੇਟ ਅਤੇ ਗੁਜ਼ਾਰਾ ਭੱਤਾ ਵੀ ਮਿਲਦਾ ਸੀ ਜਿਸ ਨਾਲ ਕਿਸਾਨ ਦੂਸਰੇ ਜ਼ਿਲ੍ਹਿਆਂ ਵਿੱਚ ਜਾ ਕੇ ਜ਼ਮੀਨ ਖਰੀਦ ਕੇ ਆਪਣੇ ਪਰਿਵਾਰ ਦੇ ਪਾਲਣ ਪੋਸ਼ਣ ਕਰ ਲੈਂਦੇ ਸਨ ਪਰ ਹੁਣ ਭਗਵੰਤ ਮਾਨ ਦੀ ਸਰਕਾਰ ਇਹ ਕਹਿ ਰਹੀ ਹੈ ਕਿ ਕਿੱਲਾ ਜ਼ਮੀਨ ਦੇ ਕੇ 2 ਕਨਾਲ ਲੈ ਲੈਣ। ਜਦ ਕਿ ਪੰਜਾਬ ਸਰਕਾਰ ਦੇ ਸਿਰ ਤਾਂ ਪਹਿਲਾਂ ਹੀ ਬਹੁਤ ਕਰਜ਼ਾ ਹੈ, ਉਹ ਕਿਸਾਨਾਂ ਨੂੰ ਕਿੱਥੋਂ ਪੈਸਾ ਦੇਵੇਗੀ। ਇੱਥੋਂ ਤੱਕ ਕਿ ਮੁਲਾਜ਼ਮਾਂ ਦੀ ਤਨਖਾਹ ਅਤੇ ਗੰਨੇ ਦੀ ਬਕਾਇਆ ਰਾਸ਼ੀ ਦੇ ਪੈਸੇ ਵੀ ਨਹੀਂ ਦਿੱਤੇ ਜਾ ਰਹੇ। ਦੂਸਰੇ ਪਾਸੇ ਯੂਰੀਆ ਦੀ ਕਿੱਲਤ ਵੀ ਲੰਬੇ ਸਮੇਂ ਤੋਂ ਹੈ ਅਤੇ ਦੁੱਗਣੇ ਰੇਟ 'ਤੇ ਯੂਰੀਆ ਵਿਕ ਰਹੀ ਹੈ ਜੋ ਕਿਸਾਨਾਂ ਦੀ ਸਿੱਧੀ ਲੁੱਟ ਹੈ। ਇਸ 'ਤੇ ਨਾ ਤਾਂ ਕੋਈ ਮੰਤਰੀ ਅਤੇ ਨਾ ਹੀ ਕੋਈ ਵਿਧਾਇਕ ਬੋਲ ਰਿਹਾ ਹੈ। ਕਿਸਾਨਾਂ ਦੀ ਫਸਲ ਖਰਾਬ ਹੋ ਗਈ ਹੈ ਅਤੇ ਹੁਣ ਤੱਕ ਕੋਈ ਸਰਕਾਰੀ ਮਦਦ ਵੀ ਕਿਸਾਨਾਂ ਨੂੰ ਨਹੀਂ ਮਿਲ ਰਹੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿੰਦੀ ਨੇ ਪਿੰਡ ਰੇੜ੍ਹਵਾਂ ਵਿਚ ਜੁੜੇ ਕਿਸਾਨ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿੰਗ ਨੀਤੀ ਨੂੰ ਹਰੇਕ ਵਰਗ ਦਾ ਉਜਾੜਾ ਕਰਨ ਵਾਲੀ ਨੀਤੀ ਦੱਸਿਆ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੀ ਕੇਂਦਰ ਦੀ ਭਾਜਪਾ ਸਰਕਾਰ ਵਾਂਗ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪੰਜਾਬ ਭਰ ਵਿਚ 14 ਅਗਸਤ ਨੂੰ ਮੋਟਰਸਾਈਕਲ ਮਾਰਚ ਕਰਕੇ ਇਸ ਦਾ ਵਿਰੋਧ ਕਰੇਗੀ। 21 ਅਗਸਤ ਨੂੰ ਜਲੰਧਰ ਵਿਖੇ ਸੂਬਾਈ ਰੈਲੀ ਕਰਕੇ ਇਸ ਨੀਤੀ ਨੂੰ ਵਾਪਿਸ ਲੈਣ ਦੀ ਮੰਗ ਕਰੇਗੀ। ਉਕਤ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਪੰਜਾਬ ਭਰ ਦੇ ਪਿੰਡਾਂ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ।

# ਅਗਰਵਾਲ ਸਮਾਜ ਦੇ ਸੰਮੇਲਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਜੀਂਦ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਸੱਤ ਸਤੰਬਰ ਨੂੰ ਮਹਾਰਾਜਾ ਅਗਰਸੈਨ ਸਕੂਲ ਜੀਂਦ ਵਿੱਚ 'ਨੌਰਥ ਜ਼ੋਨ' ਦਾ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ 'ਚ ਅਗਰਸੈਨ ਭਾਈਚਾਰੇ ਦੇ ਵਿਆਉਣ ਯੋਗ ਲੜਕੇ-ਲੜਕੀਆਂ ਦੀ ਜਾਣ-ਪਛਾਣ ਕਰਵਾਈ ਜਾਵੇਗੀ। ਇਹ ਸੰਮੇਲਨ ਆਲ ਇੰਡੀਆ ਅਗਰਵਾਲ ਸਮਾਜ ਹਰਿਆਣਾ ਵੱਲੋਂ ਕਰਵਾਇਆ ਜਾ ਰਿਹਾ ਹੈ। ਅਗਰਵਾਲ ਆਗੂਆਂ ਨੇ ਇਸ ਸੰਮੇਲਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ, ਜਿਸ ਵਿੱਚ ਸ਼ਹਿਰ ਦੇ ਅਗਰਵਾਲ ਸਮਾਜ ਦੇ ਸੀਨੀਅਰ ਨੇਤਾ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਦੇ ਨਾਲ-ਨਾਲ ਪ੍ਰਮੁੱਖ ਵਪਾਰੀਆਂ ਨੇ ਸ਼ਿਰਕਤ ਕੀਤੀ।

ਬੈਠਕ ਵਿੱਚ ਸੰਮੇਲਨ ਦੀ ਰੂਪ-ਰੇਖਾ ਅਤੇ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਆਲ ਇੰਡੀਆ ਅਗਰਵਾਲ ਸਮਾਜ ਦੇ ਸੂਬਾਈ ਪ੍ਰਧਾਨ ਡਾ. ਰਾਜ ਕੁਮਾਰ ਗੋਇਲ ਵੱਲੋਂ ਕੀਤੀ ਗਈ। ਮੁੱਖ ਬੁਲਾਰਿਆਂ ਦੇ ਰੂਪ ਵਿੱਚ ਦਿੱਲੀ ਤੋਂ ਰਾਜਿੰਦਰ ਅਗਰਵਾਲ ਅਤੇ ਰੋਹਤਕ ਤੋਂ ਆਏ ਹਰੀ ਓਮ ਭਾਲੀ ਸਣੇ ਕਈ ਸਮਾਜ ਸੇਵੀ ਹਾਜ਼ਰ ਰਹੇ। ਸੂਬਾਈ ਪ੍ਰਧਾਨ ਡਾ. ਰਾਜ ਕੁਮਾਰ ਗੋਇਲ ਨੇ ਦੱਸਿਆ ਕਿ ਜੀਂਦ ਵਿੱਚ ਇਸ ਤਰ੍ਹਾਂ ਸੰਮੇਲਨ ਦੀ ਸ਼ੁਰੂਆਤ ਵਰ੍ਹਾ 2001 ਵਿੱਚ ਕੀਤੀ ਗਈ ਸੀ। ਇਸ ਤੋਂ ਬਾਅਦ ਲਗਾਤਾਰ ਇਹ ਸੰਮੇਲਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਅੱਜ ਹਰ ਸਮਾਜ ਦੇ ਲੋਕਾਂ ਲਈ ਵਿਆਹ ਚੁਣੌਤੀ ਬਣਿਆ ਹੋਇਆ ਹੈ ਤੇ ਯੋਗ ਜੀਵਨ ਸਾਥੀ ਲੱਭਣਾ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰਵਾਲ ਸਮਾਜ ਨੇ ਲੋਕਾਂ ਨੂੰ ਰਾਹਤ ਮੁਹੱਈਆ ਕਰਵਾਉਂਦੇ ਹੋਏ ਇਸ ਤਰ੍ਹਾਂ ਦੇ ਸੰਮੇਲਨਾਂ ਦਾ ਪ੍ਰਬੰਧ ਕੀਤਾ ਹੈ, ਜੋ ਵਿਆਉਣ ਯੋਗ ਨੌਜਵਾਨਾਂ ਲਈ ਇੱਕ ਵਰਦਾਨ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਉੱਤਰੀ ਭਾਰਤ ਦੇ ਕੋਨੇ-ਕੋਨੇ ਤੋਂ ਆਉਣ ਵਾਲੇ ਮਹਿਮਾਨਾਂ ਦੇ ਸਵਾਗਤ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪੀਸੀ ਜੈਨ, ਡਾ. ਰਜਨੀਸ਼ ਜੈਨ, ਅਗਰਵਾਲ ਜਾਗਰੂਕਤਾ ਮੰਚ ਦੇ ਪ੍ਰਧਾਨ ਬੀਐੱਸ ਗਰਗ, ਆਈਡੀ ਗੋਇਲ, ਅਸ਼ੋਕ ਗੋਇਲ, ਰਾਕੇਸ਼ ਸਿੰਗਲ, ਮਹੇਸ਼ ਸਿੰਗਲਾ, ਰਵੀਨ ਜਿੰਦਲ, ਅਨਿਲ ਬਾਂਸਲ, ਸੱਤਪਾਲ ਜੈਨ, ਅਗਰਵਾਲ ਏਕਤਾ ਮੰਚ ਦੇ ਪ੍ਰਧਾਨ ਜੈ ਕੁਮਾਰ ਗੋਇਲ, ਸਤੀਸ਼ ਜਿੰਦਲ, ਲਾਇਨਜ਼ ਕੱਲਬ ਤੋਂ ਸੁਰੇਸ਼ ਜਿੰਦਲ, ਸੰਜੇ ਗਰਗ, ਰਾਮਧਨ ਜੈਨ, ਸਾਂਵਰ ਗਰਗ ਅਤੇ ਜਿਤਿੰਦਰ ਗੋਇਲ ਅਤੇ ਹੋਰ ਹਾਜ਼ਰ ਰਹੇ।

# ਹੁਨਰ ਵਿਕਾਸ ਲਈ 'ਵਿਦਿਆਰਥੀ ਸਵਾਗਤ ਸਮਾਰੋਹ'

**ਸ਼ਾਹਬਾਦ ਮਾਰਕੰਡਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ਼ 'ਇੰਟੀਗਰੇਟਿਡ ਐਂਡ ਆਨਰਜ਼ ਸੱਟਡੀਜ਼' ਵਲੋਂ ਕਰਵਾਏ ਗਏ 'ਵਿਦਿਆਰਥੀ ਸਵਾਗਤ ਸਮਾਰੋਹ' ਵਿਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇੱਥੇ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਜੀਵਨ ਵਿਚ ਸਫ਼ਲਤਾ ਲਈ ਗਿਆਨ ਹੁਨਰ ਅਤੇ ਸਕਾਰਾਤਮਕ ਰਵੱਈਆ ਜ਼ਰੂਰੀ ਹੈ। ਜੀਵਨ ਵਿਚ ਸਿੱਖਿਆ ਬਹੁਤ ਮਹੱਤਵਪੂਰਨ ਹੈ।

ਇਸ ਤੋਂ ਪਹਿਲਾਂ ਵਾਈਸ ਚਾਂਸਲਰ ਪ੍ਰੋ. ਸੋਮ ਨਾਥ ਸਚਦੇਵਾ, ਰਜਿਸਟਰਾਰ ਡਾ. ਵੀਰੇਂਦਰ ਪਾਲ ਅਤੇ ਹੋਰਨਾਂ ਨੇ ਸ਼ਮਾ ਰੌਸ਼ਨ ਕਰਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਵਾਈਸ ਚਾਂਸਲਰ ਪ੍ਰੋ. ਸੋਮ ਨਾਥ ਸਚਦੇਵਾ ਨੇ ਕਿਹਾ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਦੀ ਇੱਕੋ ਇੱਕ ਯੂਨੀਵਰਸਿਟੀ ਹੈ ਜਿਸ ਨੂੰ 'ਨੈਕ' ਵਲੋਂ ਸਭ ਤੋਂ ਵੱਧ 'ਏ-ਪਲੱਸ' ਗਰੇਡ ਮਿਲਿਆ ਹੈ। ਉਨਾਂ ਕਿਹਾ ਕਿ ਯੂਨੀਵਰਸਿਟੀ ਨੇ ਪਿਛਲੇ ਦੋ ਸਾਲਾਂ ਵਿਚ ਦੇਸ਼ ਵਿਚ ਖੇਡਾਂ ਦੇ ਖੇਤਰ ਵਿਚ ਮੌਲਾਨਾ ਅਬਦੁਲ ਕਲਾਮ ਟਰਾਫ਼ੀ ਵਿਚ ਤੀਜਾ ਸਥਾਨ ਹਾਸਲ ਕੀਤਾ ਹੈ।

ਜਦੋਂ ਕਿ ਸਭਿੱਆਚਾਰਕ ਗਤੀਵਿਧੀਆਂ ਵਿਚ ਸਾਰੀਆਂ ਯੂਨੀਵਰਸਿਟੀਆਂ ਵਿਚੋਂ ਤੀਜਾ ਅਤੇ ਸਰਕਾਰੀ ਯੂਨੀਵਰਸਿਟੀਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨਾਂ ਕਿਹਾ ਕਿ ਸਿੱਖਿਆ ਉਹ ਹੈ ਜੋ ਵਿਅਕਤੀ ਦੇ ਗਿਆਨ, ਸਵੈ ਨਿਰਭਰਤਾ ਨੂੰ ਵਧਾਉਂਦੀ ਹੈ ਅਤੇ ਉਸ ਦੇ ਚਰਿੱਤਰ ਦਾ ਨਿਰਮਾਣ ਕਰਦੀ ਹੈ। ਉਨਾਂ ਵਿਦਿਆਰਥੀਆਂ ਨੂੰ ਜੀਵਨ ਵਿਚ ਉਤਸੁਕਤਾ, ਆਲੋਚਨਾਤਮਕ ਸੋਚ ਅਤੇ ਨਵੀਨਤਾ ਵਿਕਸਤ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਵਿਦਿਆਰਥੀਆਂ ਨੂੰ ਉੱਦਮੀ ਬਣਨਾ ਚਾਹੀਦਾ ਹੈ, ਨੌਕਰੀਆਂ ਪਿੱਛੇ ਨਹੀਂ ਭੱਜਣਾ ਚਾਹੀਦਾ ਅਤੇ ਕੁਝ ਵੱਡਾ ਕਰਨ ਬਾਰੇ ਸੋਚਣਾ ਚਾਹੀਦਾ ਹੈ ਤੇ ਹਰ ਸਥਿਤੀ ਵਿਚ ਭਟਕੇ ਬਿਨਾ ਆਪਣਾ ਕੰਮ ਕਰਨਾ ਚਾਹੀਦਾ ਹੈ।ਵਿਸ਼ੇਸ਼ ਮਹਿਮਾਨ ਰਜਿਸਟਰਾਰ ਡਾ. ਵੀਰੇਂਦਰ ਪਾਲ ਨੇ ਕਿਹਾ ਕਿ 'ਆਈਆਈਐੱਚਐੱਸ' ਇੰਸਟੀਚਿਊਟ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀ ਖੁਸ਼ਕਿਸਮਤ ਹਨ ਕਿ ਉਨਾਂ ਨੂੰ ਇੱਥੋਂ ਦੇ ਹੁਨਰਮੰਦ ਅਧਿਆਪਕਾਂ ਵਲੋਂ ਸਿੱਖਿਆ ਮਿਲੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਟੀਚੇ ਨਿਰਧਾਰਤ ਕਰਨੇ ਚਾਹੀਦੇ ਹਨ ਅਤੇ ਸਖਤ ਮਿਹਨਤ ਨਾਲ ਉਨ੍ਹਾਂ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਮੰਚ ਦਾ ਸੰਚਾਲਨ ਯੁਵਾ ਅਤੇ ਸਭਿੱਆਚਾਰ ਪ੍ਰੋਗਰਾਮ ਵਿਭਾਗ ਦੇ ਡਾਇਰੈਕਟਰ ਪ੍ਰੋ. ਵਿਵੇਕ ਚਾਵਲਾ ਨੇ ਕੀਤਾ।

# ਸੈਕਟਰ-38 ਵਿੱਚ ਨਾਜਾਇਜ਼ ਕਬਜ਼ੇ ਹਟਾਏ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਵਿੱਚ ਨਸ਼ਾ ਤਸਕਰਾਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਪੁਲੀਸ ਤੇ ਪ੍ਰਸ਼ਾਸਨ ਦੀ ਟੀਮ ਨੇ ਅੱਜ ਸਾਂਝੀ ਕਾਰਵਾਈ ਕਰਦਿਆਂ ਸੈਕਟਰ-38ਏ ਵਿੱਚ ਨਸ਼ਾ ਤਸਕਰਾਂ ਦਾ ਅੱਡਾ ਬਣੇ ਨਾਜਾਇਜ਼ ਕਬਜ਼ਿਆਂ ਨੂੰ ਢਾਹ ਦਿੱਤਾ। ਇਸ ਦੌਰਾਨ ਪੁਲੀਸ ਨੇ ਸੈਕਟਰ-38 ਏ ਸਥਿਤ ਘਰਾਂ ਅੱਗੇ ਦਰੱਖਤਾਂ ਦੇ ਚਾਰੇ ਪਾਸੇ ਬਣਾਏ ਚੌਂਤਰਿਆਂ ਨੂੰ ਵੀ ਹਟਾ ਦਿੱਤਾ। ਇਸ ਕਾਰਵਾਈ ਦੌਰਾਨ ਪੁਲੀਸ ਵੱਲੋਂ ਇੱਕ ਮੰਦਰ ਨੂੰ ਵੀ ਧਾਰਮਿਕ ਸਨਮਾਨ ਨਾਲ ਢਾਹਿਆ ਗਿਆ। ਇਹ ਕਾਰਵਾਈ ਥਾਣਾ ਸੈਕਟਰ-39 ਦੇ ਐੱਸਐੱਚਓ ਰਾਮ ਦਿਆਲ ਦੀ ਸਿਫਾਰਸ਼ਾਂ 'ਤੇ ਕੀਤੀ ਗਈ।

ਜਾਣਕਾਰੀ ਅਨੁਸਾਰ ਥਾਣਾ ਸੈਕਟਰ-39 ਦੇ ਐੱਸਐੱਚਓ ਰਾਮ ਦਿਆਲ ਵੱਲੋਂ ਪਿਛਲੇ ਦਿਨੀਂ ਸੈਕਟਰ-38 ਵਿੱਚ ਨਸ਼ਾ ਤਸਕਰਾਂ 'ਤੇ ਠੱਲ੍ਹ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ। ਇਸ ਦੌਰਾਨ ਪੁਲੀਸ ਨੇ ਕਈ ਨਸ਼ਾ ਤਸਕਰਾਂ ਵਿਰੁੱਧ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਸੀ। ਇਸ ਦੇ ਨਾਲ ਹੀ ਇਲਾਕੇ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਟਿਕਾਣਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ। ਪੁਲੀਸ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਸੈਕਟਰ-38 ਏ ਵਿੱਚ ਦਰੱਖਤਾਂ ਦੇ ਚਾਰੋਂ ਪਾਸੇ ਬੈਠਣ ਲਈ ਗੈਰ-ਕਾਨੂੰਨੀ ਢੰਗ ਨਾਲ ਚੌਂਤਰੇ ਬਣਾਏ ਗਏ ਸਨ। ਜਿੱਥੇ ਗੈਰ-ਸਮਾਜੀ ਅਨਸਰ ਬੈਠੇ ਰਹਿੰਦੇ ਹਨ ਅਤੇ ਉਹ ਹੀ ਨਸ਼ੀਲੇ ਪਦਾਰਥ ਸਪਲਾਈ ਕਰਦੇ ਸਨ। ਪੁਲੀਸ ਨੇ ਉਕਤ ਮਾਮਲੇ ਸਬੰਧੀ ਪ੍ਰਸ਼ਾਸਨ ਤੋਂ ਲਿਖਤੀ ਪ੍ਰਵਾਨਗੀ ਲੈਣ ਤੋਂ ਬਾਅਦ ਅੱਜ ਗੈਰ-ਕਾਨੂੰਨੀ ਢੰਗ ਨਾਲ ਕੀਤੇ ਇਨ੍ਹਾਂ ਕਬਜ਼ਿਆਂ ਨੂੰ ਹਟਾਇਆ ਹੈ। ਇਸ ਦੌਰਾਨ ਭਾਰੀ ਪੁਲੀਸ ਬਲ ਮੌਜੂਦ ਸੀ। ਥਾਣਾ ਸੈਕਟਰ-39 ਦੇ ਐੱਸਐੱਚਓ ਰਾਮ ਦਿਆਲ ਨੇ ਕਿਹਾ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਲਾਕੇ ਵਿੱਚ ਨਸ਼ਾ ਤਸਕਰਾਂ ਵੱਲੋਂ ਘਰਾਂ ਅੱਗੇ ਬਣੇ ਚੌਂਤਰਿਆਂ ਨੂੰ ਨਸ਼ੀਲੇ ਪਦਾਰਥ ਸਪਲਾਈ ਕਰਨ ਲਈ ਵਰਤਿਆ ਜਾ ਰਿਹਾ ਸੀ। ਪੁਲੀਸ ਦੇ ਆਉਣ ਦੀ ਸੂਚਨਾ ਮਿਲਦੇ ਹੀ ਉਹ ਫ਼ਰਾਰ ਹੋ ਜਾਂਦੇ ਸਨ।

# ਸਹੂਲਤਾਂ ਤੋਂ ਸੱਖਣੇ ਜੇਟੀਪੀਐੱਲ ਵਾਸੀਆਂ ਵੱਲੋਂ ਹਾਈਵੇਅ ਜਾਮ

**ਖਰੜ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਬੁਨਿਆਦੀ ਸਹੂਲਤਾਂ ਨਾਲ ਜੂਝ ਰਹੇ ਖਰੜ ਦੇ ਸੈਕਟਰ-115 ਸਥਿਤ ਜੇਟੀਪੀਐੱਲ ਸੁਸਾਇਟੀ ਦੇ ਵਸਨੀਕਾਂ ਨੇ ਅੱਜ ਆਪਣੀਆਂ ਲੰਬੇ ਸਮੇਂ ਤੋਂ ਅਣਸੁਣੀਆਂ ਮੰਗਾਂ ਨੂੰ ਲੈ ਕੇ ਲਾਂਡਰਾਂ-ਖਰੜ ਹਾਈਵੇਅ ਜਾਮ ਕਰ ਦਿੱਤਾ ਅਤੇ ਖਰੜ ਨਗਰ ਕੌਂਸਲ ਅਤੇ ਪੰਜਾਬ ਸਰਕਾਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ। ਜੇਟੀਪੀਐੱਲ ਰੈਜ਼ੀਡੈਂਟ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੰਭਵ ਨਈਅਰ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਸੀਵਰੇਜ ਪਲਾਂਟ ਦਾ ਕੰਮ ਚੱਲ ਰਿਹਾ ਹੈ। ਸੜਕਾਂ ਤੋੜ ਕੇ ਪਾਈਪਾਂ ਬਿਛਾਈਆਂ ਗਈਆਂ ਹਨ ਪਰ ਮੁਰੰਮਤ ਨਹੀਂ ਕੀਤੀ ਗਈ। ਸੜਕਾਂ 'ਤੇ ਖੜ੍ਹਾ ਮੀਂਹ ਤੇ ਸੀਵਰੇਜ ਦਾ ਪਾਣੀ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਕਈ ਵਾਰ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵੀ ਟੁੱਟ ਜਾਂਦੀਆਂ ਹਨ, ਜਿਸ ਕਾਰਨ ਸੁਸਾਇਟੀ ਵਾਸੀਆਂ ਨੂੰ ਕਈ ਦਿਨ ਤੱਕ ਪਾਣੀ ਦੇ ਸੰਕਟ ਨਾਲ ਜੂਝਣਾ ਪੈਂਦਾ ਹੈ। ਸੁਸਾਇਟੀ ਵਿੱਚੋਂ ਲੰਘ ਰਿਹਾ ਸੀਵਰੇਜ ਟਰੀਟਮੈਂਟ ਪਲਾਂਟ ਹੁੰਦਿਆਂ ਵੀ ਇਸਨੂੰ ਕੁਨੈਕਸ਼ਨ ਨਹੀਂ ਦਿੱਤਾ ਗਿਆ, ਜਿਸ ਕਾਰਨ 900 ਤੋਂ ਵੱਧ ਪਰਿਵਾਰ ਮੁਸ਼ਕਲ ਵਿੱਚ ਹਨ।

ਸੁਸਾਇਟੀ ਦੀ ਜਨਰਲ ਸਕੱਤਰ ਸੁਮਨ ਲਤਾ ਨੇ ਦੱਸਿਆ ਕਿ ਸੁਸਾਇਟੀ ਦਾ ਪਾਣੀ ਪਿੰਡ ਖ਼ੂਨੀਮਾਜਰਾ ਦੇ ਟੋਭੇ ਵਿੱਚ ਛੱਡਿਆ ਜਾ ਰਿਹਾ ਹੈ ਅਤੇ ਬੰਦ ਹੋਣ 'ਤੇ ਮੁੜ ਸੁਸਾਇਟੀ ਵਿੱਚ ਦਾਖ਼ਲ ਹੋ ਜਾਂਦਾ ਹੈ।ਸਮਾਜ ਸੇਵੀ ਹਰਜੀਤ ਪੰਨੂ ਨੇ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ, ਸੜਕਾਂ, ਬਰਸਾਤੀ ਪਾਣੀ ਦੀ ਨਿਕਾਸੀ ਤੇ ਪਾਰਕਾਂ ਦੀ ਹਾਲਤ ਕਾਫ਼ੀ ਖ਼ਸਤਾ ਹੈ। ਡੀਐਸਪੀ ਦਫ਼ਤਰ ਤੋਂ ਪਹੁੰਚੇ ਅਧਿਕਾਰੀਆਂ ਵੱਲੋਂ ਇੱਕ ਹਫਤੇ ਵਿੱਚ ਮਸਲੇ ਹੱਲ ਕਰਨ ਦਾ ਭਰੋਸਾ ਮਿਲਣ ਅਤੇ 10 ਅਗਸਤ ਨੂੰ ਐੱਸਡੀਐੱਮ ਨਾਲ ਮੀਟਿੰਗ ਤੈਅ ਹੋਣ 'ਤੇ ਜਾਮ ਖੋਲ੍ਹਿਆ ਗਿਆ।

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਖ਼ੂਨੀਮਾਜਰਾ ਨੇ ਸੁਸਾਇਟੀ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਚਿਤਾਵਨੀ ਦਿੱਤੀ ਕਿ ਜੇ ਮਸਲੇ ਜਲਦੀ ਹੱਲ ਨਾ ਹੋਏ ਤਾਂ ਹੋਰ ਜਥੇਬੰਦੀਆਂ ਨਾਲ ਮਿਲ ਕੇ ਐੱਸਡੀਐੱਮ ਦਫ਼ਤਰ ਖਰੜ ਵਿਖੇ ਧਰਨਾ ਦਿੱਤਾ ਜਾਵੇਗਾ।

# ਲੋਕਾਂ ਨੇ ਆਰਐੱਮਸੀ ਪਲਾਂਟ ਦੇ ਗੇਟ ਨੂੰ ਤਾਲਾ ਜੜਿਆ

**ਮੁਹਾਲੀ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁਹਾਲੀ ਦੇ ਸ਼ਾਹੀਮਾਜਰਾ ਨੇੜੇ ਨਗਰ ਨਿਗਮ ਵੱਲੋਂ ਕੂੜਾ ਕਰਕਟ ਨੂੰ ਪ੍ਰੋਸੈੱਸ ਕਰਨ ਲਈ ਲਗਾਏ ਪਲਾਂਟ ਨੂੰ ਪਿਛਲੇ ਲੰਮੇ ਸਮੇਂ ਤੋਂ ਇੱਥੋਂ ਚੁਕਾਉਣ ਲਈ ਚਾਰਾਜ਼ੋਈ ਕਰ ਰਹੇ ਫੇਜ਼-4, 5 ਅਤੇ ਸ਼ਾਹੀਮਾਜਰਾ ਤੇ ਸਨਅਤੀ ਖੇਤਰ ਦੇ ਵਸਨੀਕਾਂ ਨੇ ਅੱਜ ਆਰਐੱਮਸੀ (ਰਿਸੌਰਸ ਮੈਨੇਜਮੈਂਟ ਸੈਂਟਰ) ਪਲਾਂਟ ਦੇ ਗੇਟ ਨੂੰ ਜ਼ਿੰਦਰਾ ਲਾ ਦਿੱਤਾ। ਇਸ ਮੌਕੇ ਨਗਰ ਨਿਗਮ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਫੇਜ਼-5 ਰੈਜ਼ੀਡੈਂਟਸ ਵੈੱਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ, ਸਾਬਕਾ ਪ੍ਰਧਾਨ ਐੱਸਕੇ ਗੋਇਲ, ਜਨਰਲ ਸਕੱਤਰ ਰੁਪਿੰਦਰ ਸਿੰਘ, ਸਾਬਕਾ ਪ੍ਰਧਾਨ ਜੋਗਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਪਲਾਂਟ ਨੇ ਇਸ ਖੇਤਰ ਦੇ ਵਸਨੀਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੱਥੇ ਕੂੜੇ ਕਰਕਟ ਦੀਆਂ ਭਰੀਆਂ ਗੱਡੀਆਂ ਆਉਂਦੀਆਂ ਹਨ ਅਤੇ ਸੜਕਾਂ 'ਤੇ ਕੂੜਾ ਖਿੱਲਰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇੱਥੇ ਗਿੱਲੇ ਤੇ ਸੁੱਕੇ ਕੂੜੇ ਨੂੰ ਅਲੱਗ ਕਰਨ ਸਮੇਂ ਬਦਬੂ ਮਾਰਦੀ ਹੈ, ਮੱਛਰ-ਮੱਖੀਆਂ ਦੀ ਭਰਮਾਰ ਹੈ, ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤ ਆ ਰਹੀ ਹੈ।

ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਨਿਗਮ ਦੇ ਸਮੁੱਚੇ ਅਧਿਕਾਰੀਆਂ, ਮੇਅਰ, ਵਿਧਾਇਕ ਸਾਰਿਆਂ ਨੂੰ ਦਰਖ਼ਾਸਤਾਂ ਦੇ ਚੁੱਕੇ ਹਨ ਪਰ ਉਨ੍ਹਾਂ ਨੂੰ ਭਰੋਸਿਆਂ ਤੋਂ ਬਿਨਾਂ ਕੁੱਝ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਅੱਜ ਸਾਰਿਆਂ ਨੇ ਸਹਿਮਤੀ ਨਾਲ ਇਸ ਪਲਾਂਟ ਨੂੰ ਜ਼ਿੰਦਰਾ ਲਾਉਣ ਦਾ ਫੈਸਲਾ ਕੀਤਾ ਹੈ ਅਤੇ ਉਹ ਇੱਥੇ ਦਿਨ-ਰਾਤ ਧਰਨਾ ਦੇਣਗੇ। ਉਨ੍ਹਾਂ ਕਿਹਾ ਕਿ ਪਲਾਂਟ ਵਿਚ ਕੋਈ ਵੀ ਵਾਹਨ ਨਹੀਂ ਵੜਨ ਦੇਣਗੇ ਅਤੇ ਜੇਕਰ ਕਿਸੇ ਨੇ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਆਰ-ਪਾਰ ਦੀ ਲੜਾਈ ਲੜਨਗੇ ਅਤੇ ਜਦੋਂ ਤੱਕ ਇਹ ਪਲਾਂਟ ਇੱਥੋਂ ਚੁੱਕਿਆ ਨਹੀਂ ਜਾਂਦਾ, ਉਦੋਂ ਤੱਕ ਉਹ ਨਾ ਤਾਂ ਗੇਟ ਦਾ ਜ਼ਿੰਦਰਾ ਖੋਲ੍ਹਣਗੇ ਅਤੇ ਨਾ ਹੀ ਉਹ ਇੱਥੋਂ ਧਰਨਾ ਚੁੱਕਣਗੇ। ਉਨ੍ਹਾਂ ਕਿਹਾ ਕਿ ਉਹ ਮਾਮਲਾ ਗਰੀਨ ਟ੍ਰਿਬਿਊਨਲ ਕੋਲ ਵੀ ਉਠਾਉਣਗੇ।

ਮੁਹਾਲੀ ਦੇ ਫੇਜ਼-4, ਫੇਜ਼-5 ਦੀਆਂ ਰੈਜ਼ੀਡੈਂਟਸ ਵੈੱਲਫ਼ੇਅਰ ਐਸੋਸੀਏਸ਼ਨਾਂ ਦੀ ਅਗਵਾਈ ਹੇਠ ਇਸ ਤੋਂ ਪਹਿਲਾਂ ਇੱਥੇ ਧਰਨਾ ਵੀ ਲਗਾਇਆ ਗਿਆ। ਧਰਨੇ ਵਿਚ ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਅਤੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਵੀ ਸ਼ਿਰਕਤ ਕੀਤੀ। ਸਾਰਿਆਂ ਨੇ ਇਸ ਮੁੱਦੇ ਉੱਤੇ ਧਰਨਾਕਾਰੀਆਂ ਦੀ ਹਮਾਇਤ ਕੀਤੀ। ਮੇਅਰ ਜੀਤੀ ਸਿੱਧੂ ਨੇ ਧਰਨਾਕਾਰੀਆਂ ਨੂੰ 30 ਸਤੰਬਰ ਤੱਕ ਇੱਥੋਂ ਖ਼ੁਦ ਆਰਐੈਮਸੀ ਪਲਾਂਟ ਚੁਕਵਾਉਣ ਦਾ ਭਰੋਸਾ ਦਿਵਾਇਆ ਪਰ ਧਰਨਾਕਾਰੀਆਂ ਨੇ ਅੱਜ ਹੀ ਗੇਟ ਨੂੰ ਜ਼ਿੰਦਰਾ ਲਗਾ ਦਿੱਤਾ।

# ਸਕੂਲ 'ਚ ਦੰਦਾਂ ਦਾ ਜਾਂਚ ਕੈਂਪ

**ਸੁਨਾਮ ਊਧਮ ਸਿੰਘ ਵਾਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਲਿਟਲ ਸਟਾਰਜ਼ ਪਬਲਿਕ ਸਕੂਲ ਵਿੱਚ ਬੱਚਿਆਂ ਦੇ ਦੰਦਾਂ ਦੀ ਜਾਂਚ ਲਈ ਗੁਰੂ ਨਾਨਕ ਦੇਵ ਡੈਂਟਲ ਕਾਲਜ ਸੁਨਾਮ ਦੀ ਟੀਮ ਵੱਲੋਂ ਮੈਡੀਕਲ ਕੈਂਪ ਲਾਇਆ ਗਿਆ।

ਡੈਂਟਲ ਕਾਲਜ ਦੀ ਟੀਮ ਨੇ ਬੱਚਿਆਂ ਨੂੰ ਆਪਣੇ ਦੰਦਾਂ ਦੇ ਰੋਜ਼ਾਨਾ ਸਾਂਭ ਸੰਭਾਲ, ਸਫਾਈ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਬੱਚਿਆਂ ਨੂੰ ਮੁਫਤ ਟੂਥ ਪੇਸਟ ਅਤੇ ਬੁਰਸ਼ ਵੀ ਮੁਹੱਈਆ ਕਰਵਾਏ। ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਸੁਖਵਿੰਦਰ ਸਿੰਘ ਬਰਾੜ, ਕਰਮਜੀਤ ਕੌਰ ਤੇ ਪ੍ਰਿੰਸੀਪਲ ਅੰਜਨਾ ਸ਼ਰਮਾ ਆਦਿ ਹਾਜ਼ਰ ਸਨ। ਸੰਸਥਾ ਵੱਲੋਂ ਸਮੁੱਚੀ ਡਾਕਟਰੀ ਟੀਮ ਦਾ ਧੰਨਵਾਦ ਕੀਤਾ ਗਿਆ।

# 15 ਅਗਸਤ 1947 ਤੇ ਸਿੱਖ ਕੌਮ



ਚੌਦਾਂ ਅਗਸਤ 1947 ਵਾਲੇ ਦਿਨ ਸੂਰਜ ਦਾ ਰਥ ਸਦੀਆਂ ਤੋਂ ਚਲੇ ਆਉਂਦੇ ਪਰੋਗਰਾਮ ਅਨੁਸਾਰ ਜਦ ਸਰਕਦਾ ਸਰਕਦਾ ਪੱਛਮ ਵਿਚ ਅਲੋਪ ਹੋ ਗਿਆ ਤਾਂ ਭਾਰਤ ਦੀ ਬਹੁਗਿਣਤੀ ਵੀ ਹਰ ਰੋਜ਼ ਵਾਂਗ ਆਪਣੀ ਪਿਆਰੀ ਲੇਲਾ (ਰਾਤ ਰਾਣੀ) ਦੀ ਗੋਦ ਵਿਚ ਜਾ ਬਿਰਾਜਮਾਨ ਹੋਈ । ਸਦੀਆਂ ਤੋਂ ਗੁਲਾਮੀ ਦਾ ਜੂਲਾ ਚੁੱਕੀ ਫਿਰਦੀ ਬਹੁਗਿਣਤੀ ਦੇ ਕੱਨ੍ਹਾ (ਬਲਦ ਦੀ ਗਰਦਨ ਤੇ ਲੱਗਾ ਲਾਗਾ) ਪੈਣ ਕਾਰਨ ਉਸ ਨੂੰ ਗੁਲਾਮੀ ਆਜ਼ਾਦੀ ਦੀ ਕੋਈ ਸਾਰ ਹੀ ਨਹੀਂ ਸੀ। ਉਹ ਤਾਂ ਬਸ ਜੀ ਰਹੀ ਸੀ। ਰਾਜਾ, ਜ਼ਿਮੀਦਾਰ, ਉਚ ਜ਼ਾਤੀ ਦੇ ਠਾਕਰ ਲੋਗ ਹੀ ਉਸ ਲਈ ਅੰਨਦਾਤਾ ਸਨ ਅਤੇ ਉਸ ਲਈ ਭਗਵਾਨ ਸਨ। ਵਰਣ ਵੰਡ ਦਾ ਸ਼ਿਕੰਜਾ ਉਸ ਨੂੰ ਨਿੱਸਲ ਕਰੀ ਜਾ ਰਿਹਾ ਸੀ। ਚੌਦਾਂ ਅਗਸਤ 1947, ਬਾਰਾਂ ਵਜੇ ਰਾਤ ਨੂੰ ਹੋਣ ਵਾਲੀ ਤਬਦੀਲੀ ਨਾਲ ਉਸਨੂੰ ਕੋਈ ਵਾਸਤਾ ਨਹੀਂ ਸੀ ।

ਚੌਂਦਾ ਅਗ਼ਸਤ ਦੀ ਰਾਤ ਨੂੰ 12 ਵਜੇ ਜਦ ਘੜੀ ਦੀਆਂ ਦੋਨੋਂ ਸੂਈਆਂ ਨੰਬਰ ਬਾਰਾਂ ਤੇ ਇਕੱਠੀਆਂ ਹੋਈਆਂ ਤਾਂ ਲਾਲ ਕਿਲ੍ਹੇ ਦੇ ਫਲੈਗ ਪੋਸਟ ਤੋਂ ਯੂਨੀਅਨ ਜੈਕ ਉਤਾਰ ਲਿਆ ਗਿਆ। ਕੁਝ ਹੀ ਮਿੰਟਾਂ ਵਿਚ 15 ਅਗਸਤ ਦੀ ਆਮਦ ਦੇ ਨਾਲ ਯੂਨੀਅਨ ਜੈਕ ਦੀ ਥ੍ਹਾਂ ਤਰੰਗਾ ਲੈਹਰਾਉਣ ਲੱਗਾ। ਭਾਰਤ ਦੀ ਜਾਗਦੀ ਵਸੋਂ ਨੇ ਪੰਡਤ ਜਵਾਹਰ ਲਾਲ ਨੈਹਰੂ ਜੀ ਦਾ ਭਾਸ਼ਨ ਸੁਣਿਆ। ਸਚ ਹੀ ਤਾਂ ਆਖਿਆ ਸੀ ਪੰਡਤ ਜੀ ਨੇ ਅਜ ਵਰਗੀ ਵੱਡੀ ਤਬਦੀਲੀ ਭਾਗਾਂ ਵਾਲਿਆਂ ਦੇ ਹਿਸੇ ਆਉਂਦੀ ਹੈ। ਸਭ ਤੋਂ ਵੱਡੀ ਤਬਦੀਲੀ ਤਾਂ ਪੰਡਤ ਜੀ ਦੇ ਜੀਵਨ ਵਿਚ ਆਈ ਸੀ, ਇਕ ਗੁਲਾਮ ਹੁਣ ਤਾਜਦਾਰ ਹੋ ਗਿਆ ਸੀ, ਉਸਨੂ ਗਿਰਫਤਾਰ ਕਰਨ ਵਾਲੀ ਪੁਲੀਸ ਹੁਣ ਉਸ ਦੀ ਤਾਬਿਆਦਾਰੀ ਵਿਚ ਹਾਜ਼ਰ ਹੋ ਗਈ ਸੀ।

ਭਾਰਤੀ ਫੌਜੀ ਜਾਗ ਰਹੇ ਸਨ। ਭਾਰਤ ਦੀ ਪੁਲਸ ਜਾਗ ਰਹੀ ਸੀ। ਭਾਰਤ ਦੀ ਅਫਸਰਸ਼ਾਹੀ ਜਾਗ ਰਹੀ ਸੀ । ਉਹ ਸਮਝਦੇ ਸਨ ਕਿ ਫਰੰਗੀ ਰਾਜ ਜਾਣ ਨਾਲ ਫਰੰਗੀ ਅਫਸਰਾਂ ਦੀ ਹੂਤ ਹਾਤ ਵੀ ਜਾਂਦੀ ਲਗੇਗੀ। ਉਹਨਾਂ ਦੇ ਸਵੈਮਾਨ ਨੂੰ ਚੋਟ ਮਾਰਨ ਵਾਲਾ ਸਦਾ ਲਈ ਚਲਾ ਜਾਵੇਗਾ। ਉਹਨਾਂ ਵਿਚਾਰਿਆਂ ਨੂੰ ਇਹ ਗਿਆਨ ਥੋਹੜਾ ਸੀ ਕਿ ਹਕੂਮਤ ਦੀ ਵਾਗ ਡੋਰ ਸੰਭਾਲਣ ਵਾਲੇ ਸਿਆਸੀ ਆਗੂ ਇਹੋ ਜਿਹੀ ਭਰਿਸ਼ਟ ਸਰਕਾਰ ਦਾ ਗੱਠਨ ਕਰਨਗੇ ਕਿ ਹਰ ਕੋਈ ਪੁਕਾਰ ਉਠੇਗਾ ਕਿ ਅਗੇ ਨਾਲੋਂ ਪਿਛਾ ਭਲਾ।

15 ਅਗਸਤ 1947 ਤਕ ਕੁਝ ਭਾਰਤੀਆਂ ਦੀਆਂ ਬੇੜੀਆਂ ਅਤੇ ਕੜੀਆਂ ਪਤਲੀਆਂ ਸਨ (ਗਾਂਧੀ ਜੀ ਨੂੰ ਤਾਂ ਸਰਕਾਰੀ ਮਹਿਮਾਨ ਦੀ ਤਰਾਂ ਸਰ ਆਗਾ ਖਾਨ ਦੀ ਕੋਠੀ ਵਿਚ ਨਜ਼ਰ ਬੰਦ ਰਖਿਆ ਜਾਂਦਾ ਸੀ) ਅਤੇ ਮੋਟੀਆਂ ਬੇੜੀਆਂ ਵਾਲਿਆਂ ਲਈ ਕਾਲੇ ਪਾਣੀ ਦੀਆਂ ਕਾਲ ਕੋਠੜੀਆਂ ਸਨ। ਗਾਂਧੀ ਜੀ ਦੀ ਭਾਗਾਂ ਵਾਲੀ ਬਕਰੀ ਦੇ ਖਾਣ ਲਈ ਅੰਗੂਰ ਮਿਲਦੇ ਸਨ ਜਦ ਕਿ ਮੋਟੀ ਬੇੜੀਆਂ ਵਾਲਿਆਂ ਲਈ ਘੱਟੀਆ ਖੁਰਾਕ, ਜੇਹਲਰਾਂ ਦਾ ਤੱਸ਼ਦਦ, ਖਾਣ ਪੀਣ ਉਠਣ ਬੇਠਣ ਅਤੇ ਟਟੀ ਪੈਸ਼ਾਬ ਸਭ ਕਾਸੇ ਲਈ ਇਕੋ ਕਮਰਾ। ਪਰ ਉਹ ਸੀ ਨਾ ਕਰਦੇ, ਉਠਦੇ ਬੈਠਦੇ ਗੁਲਾਮੀ ਦਾ ਜੂਲਾ ਵਗ੍ਹਾ ਮਾਰਨ ਦਾ ਹੀ ਸੁਪਨਾ ਸਾਕਾਰ ਕਰਨ ਲਈ ਆਪਣੀ ਜਾਨ ਜਾਇਦਾਦ ਸ਼ਭ ਦਾਅ ਤੇ ਲਾਈ ਬੈਠੇ ਸਨ। ਜਾਗਦੇ ਉਹ ਆਜ਼ਾਦੀ ਲਈ ਜੂਝਦੇ ਸਨ ਅਤੇ ਸੌਂਦੇ ਤਾਂ ਆਜ਼ਾਦੀ ਦਾ ਸੁਪਨਾ ਲੈਂਦੇ ਸਨ (ਰਾਤੀਂ ਸੁਤੇ ਪਏ ਮੈਨੂੰ ਇਕ ਖੁਆਬ ਆ ਗਿਆ ਭਜੇ ਜਾਣ ਫਰੰਗੀ ਇਨਕਲਾਬ ਆ ਗਿਆ)।

ਆਖਰ 15 ਅਗਸਤ 1947 ਨੂੰ ਜਦ ਇਨਕਲਾਬ ਆਇਆ ਤਾਂ ਉਸ ਨੂੰ ਲਿਆਉਣ ਲਈ ਸੰਘ੍ਰਸ਼ ਕਰਨ ਵਾਲੇ ਤਾਂ ਜੇਹਲਾਂ ਵਿਚ ਡੱਕੇ ਹੋਏ ਸਨ ਅਤੇ ਬਰਤਾਨੀਆਂ ਸਰਕਾਰ ਆਪਣੇ ਚੁਣੇ ਹੋਏ ਚਹੇਤੇ ਆਗੂਆਂ ਹਥ ਭਾਰਤ ਦੀ ਹਕੂਮਤ ਦੀ ਵਾਗ ਡੋਰ ਸੰਭਾਲ ਰਹੀ ਸੀ।ਜਦ ਤਕ ਨੈਹਰੂ ਸਰਕਾਰ ਪੂਰੀ ਤਰਾਂ ਕਾਬਜ਼ ਨਹੀਂ ਹੋਈ ਆਜ਼ਾਦੀ ਲਈ ਆਪਾ ਵਾਰਨ ਵਾਲੇ ਜੇਹਲਾਂ ਵਿਚ ਹੀ ਡਕੇ ਰਹੇ।

ਭਾਰਤ ਨੂੰ ਆਜ਼ਾਦ ਕਰਨਾ ਬਰਤਾਨੀਆਂ ਸਰਕਾਰ ਦੀ ਮਜਬੂਰੀ ਸੀ। ਦੂਜੀ ਆਲਮੀ ਜੰਗ ਕਾਰਨ ਬਰਤਾਨੀਆਂ ਦੀ ਆਰਥਕ ਹਾਲਤ ਬੇ ਹਦ ਪਤਲੀ ਹੋ ਗਈ ਸੀ। ਦੂਸਰਾ ਬਰਤਾਨਵੀ ਹਾਕਮਾਂ ਦੇ ਮਨ ਵਿਚ ਹਿੰਦੋਸਤਾਨੀ ਫੌਜ ਬਾਰੇ ਇਕ ਸ਼ੰਕਾ ਉਤਪਨ ਹੋ ਗਿਆ ਸੀ ਕਿ ਕਦੇ ਵੀ ਆਜ਼ਾਦ ਹਿੰਦ ਫੋਜ ਵਰਗਾ ਗਠਨ ਹੋ ਸਕਦਾ ਹੈ। ਕਿਸੇ ਦਬਾ ਥਲੇ ਮੁਲਕ ਛਡਣ ਦੀ ਬਜਾਏ ਆਪਣੇ ਚਹੇਤਿਆਂ ਹਥ ਹਕੂਮਤ ਦੀ ਵਾਗਡੋਰ ਸੰਭਾਲਣ ਨੂੰ ਹੀ ਭਲਾ ਸਮਝਿਆ। ਜੰਗੇ ਆਜ਼ਾਦੀ ਦੌਰਾਨ ਸਭ ਦੀ ਇਕੋ ਸੋਚ ਸੀ ਕਿ ਅਜ਼ਾਦੀ ਮਿਲਣ ਉਪਰੰਤ ਹਕੂਮਤ ਬਰਤਾਨੀਆਂ ਦੀ ਲੁਟ ਖਸੁਟ ਬੰਦ ਹੋ ਜਾਵੇਗੀ। ਭਾਰਤ ਵਾਸੀ ਆਪਣੀ ਤਕਦੀਰ ਦਾ ਫੈਸਲਾ ਆਪ ਕਰਨਗੇ। ਇਬਰਾਹੀਮ ਲਿੰਕਨ ਲੋਕਤੰਤਰ ਦੇ ਬੁਨਿਆਦੀ ਅਸੂਲ ਦੀ ਗੱਲ ਕਰਦਾ ਹੋਇਆ ਆਖਦਾ ਹੈ (ਕੋਈ ਵੀ ਇਨਸਾਨ ਇੱਡਾ ਵਧੀਆ ਜਾਂ ਸਿਆਣਾ ਨਹੀਂ ਜੋ ਦੂਸਰੇ ਦੀ ਮਰਜ਼ੀ ਤੋਂ ਬਗੈਰ ਹੀ ਉਸ ਤੇ ਰਾਜ ਕਰੇ)।ਆਜ਼ਾਦੀ ਦੇ ਘੁਲਾਟੀਆਂ ਦਾ ਵੀ ਇਹੋ ਸੁਪਨਾ ਸੀ ਕਿ ਆਜ਼ਾਦੀ ਮਿਲਣ ਉਪਰੰਤ ਰਲ ਮਿਲ ਕੇ ਇਕ ਐਸੀ ਸਰਕਾਰ ਬਣਾਈ ਜਾਵੇਗੀ ਜੋ ਬਗੈਰ ਕਿਸੇ ਵਿਤਕਰੇ ਦੇ ਹਰ ਬਸ਼ਰ ਦੀ ਜਾਨ ਮਾਲ ਦੀ ਰਾਖੀ ਕਰੇਗੀ। ਸਰਕਾਰ ਜਰਾਇਮ ਪੇਸ਼ਾ ਲੋਕਾਂ ਤੇ ਕਾੱਬੂ ਪਾਏਗੀ ਅਤੇ ਬਾਹਰੀ ਹਮਲਾਆਵਰਾਂ ਤੋਂ ਦੇਸ਼ ਦੀ ਰਾਖੀ ਕਰੇਗੀ । ਲੋਕਾਂ ਦੇ ਧਰਮ ਅਤੇ ਵਿਚਾਰਾਂ ਤੇ ਸਰਕਾਰ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰੇਗੀ। ਦੇਸ਼ ਦਾ ਹਰ ਬਸ਼ਰ ਸ਼ਖਸ਼ੀ ਆਜ਼ਾਦੀ ਦਾ ਨਿਘ ਮਾਣ ਸਕੇਗਾ। ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਡਤ ਨੈਹਰੂ ਜੰਨਤਾ ਨਾਲ ਇਹੋ ਇਕਰਾਰ ਕਰਦੇ ਆਏ ਸਨ। ਪਰ ਹਕੂਮਤ ਹਥ ਆਉਂਦਿਆਂ ਹੀ ਸਾਰੇ ਇਕਰਾਰ ਫਿਕੇ ਪੈ ਗਏ। ਕੋਟ ਪੈਂਟ ਟਾਈ ਦੀ ਥ੍ਹਾਂ ਕੁੜਤਾ ਪਜਾਮਾ ਅਤੇ ਨੈਹਰੂ ਜੈਕਟ ਆ ਗਏ। ਅੰਗਰੇਜ਼ੀ ਟੋਪ ਦੀ ਜਗ੍ਹਾ ਟਕੇ ਦੀ ਗਾਂਧੀ ਟੋਪੀ ਨੇ ਸੰਭਾਲ ਲਈ। ਇਸ ਬਾਣੇ ਨੂੰ ਕਾਂਗਰਸੀ ਲੀਡਰਾਂ ਨੇ ਹੇਰਾ ਫੇਰੀ, ਲੁਟ ਖਸੁਟ ਅਤੇ ਧਾਂਦਲੀ ਲਈ ਪਰਮਿਟ ਵਾਂਗ ਵਰਤਿਆ। ਲੋਕ ਦਬੀ ਜ਼ੁਬਾਨ ਵਿਚ ਆਖਦੇ ਸਨ (ਅਸੀ ਚਾਹੁੰਦੇ ਹਾਂ ਇਸ ਗੌਰਮੈਂਟ ਨੂੰ ਕਾਨੂੰਨ ਬਣਾਉਣਾ ਚਾਹੀਦਾ ਇਸ ਥਰੀ ਨੋਟ ਥਰੀ ਦੀ ਟੋਪੀ ਤੇ ਲਾਸੰਸ ਲਗਾਉਣਾ ਚਾਹੀਦਾ)।ਭ ਾ ਰ ਤ ਆਜ਼ਾਦੀ ਨਾਲ ਸਦੀਆਂ ਦੀ ਗੁਲਾਮੀ ਦੀ ਜ਼ਹਿਨੀਅਤ ਨਾ ਗਈ ਜਿਵੇਂ ਹਰ ਔਰਤ ਸਸ ਬਣ ਕੇ ਨੂੰਹ ਨਾਲ ਉਹੋ ਵਿਹਾਰ ਕਰਦੀ ਹੈ ਜੋ ਉਸ ਨਾਲ ਹੁੰਦਾ ਰਿਹਾ ਸੀ ਠੀਕ ਉਸੇ ਤਰਾਂ ਹਕੂਮਤ ਦੀ ਕੁਰਸੀ ਤੇ ਬੈਠਣ ਵਾਲਿਆਂ ਕੀਤਾ। ਪੰਜਾਬੀਆਂ ਨੂੰ ਖਾਸ ਕਰ ਸਿਖਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ ਦਾ ਅਵਸਰ ਦੇਣ ਦੇ ਇਕਰਾਰ ਨੂੰ ਛਿਕੇ ਟੰਗ ਕੇ ਗੁਲਾਮੀ ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿਤਾ। ਆਜ਼ਾਦੀ ਤੋਂ ਪਹਿਲਾਂ ਗਾਂਧੀ ਜੀ ਨੇ ਚਾਂਦਨੀ ਚੌਕ ਗੁਰਦਵਾਰੇ ਵਿਚ ਆਪਣੇ ਭਾਸ਼ਨ ਦੋਰਾਨ ਆਖਿਆ ਸੀ ਕਿ ਸਿਖਾਂ ਨਾਲ ਪੂਰਾ ਇਨਸਾਫ ਹੋਵੇਗਾ ਅਗਰ ਕਾਂਗਰਸ ਬੇਇਨਸਾਫੀ ਕਰੇਗੀ ਤਾਂ ਸਿਖਾਂ ਪਾਸ ਆਪਣੇ ਹੱਕ ਹਾਸਲ ਕਰਨ ਲਈ ਕਿਰਪਾਨ ਹੈ। ਆਪਣੇ ਆਪ ਨੂੰ ਅਹਿੰਸਾ ਦਾ ਮਸੀਹਾ ਕਹਾਉਣ ਵਾਲਾ ਤਲਵਾਰ ਚੁੱਕਣ ਦੀ ਗੱਲ ਕਰੇ ਤਾਂ ਸਮਝ ਲੈਣਾ ਚਾਹੀਦਾ ਸੀ ਕਿ ਦਾਲ ਵਿਚ ਕੁਝ ਕਾਲਾ ਹੈ ਪਰ ਸਾਡੇ ਵਿਚੋਂ ਹੀ ਕੁਝ ਜ਼ਰ-ਖਰੀਦ ਆਗੂ ਜੈ ਕਾਰਿਆਂ ਦੀ ਗੂੰਜ ਵਿਚ ਸਭ ਕੁਝ ਲੁਕਾ ਦਿੰਦੇ ਹਨ। ਇਸੇ ਤਰਾਂ ਪੰਡਤ ਜੀ ਨੇ ਵੀ ਸਿਖਾਂ ਨੂੰ ਇਕ ਵਿਸ਼ਵਾਸ ਦਵਾਇਆ ਸੀ ਕਿ ਮੁਲਕ ਦੇ 'ਸ਼ਮਾਲ ਮਗਰਬ ਵਿਚ ਇਕ ਐਸਾ ਖਿਤਾ ਬਣਾ ਦਿਤਾ ਜਾਵੇਗਾ ਜਿਥੇ ਦੇਸ਼ ਦੀ ਬਹਾਦਰ ਸਿਖ ਕੌਮ ਆਜ਼ਾਦੀ ਦਾ ਨਿੱਘ ਮਾਣ ਸਕੇ। ਸਭ ਤੋਂ ਪਹਿਲਾ ਤੋਹਫਾ ਜੋ ਨੈਹਰੂ ਸਰਕਾਰ ਨੇ ਆਜ਼ਾਦੀ ਦੇ ਘੋਲ ਵਿਚ ਵਿਤੋਂ ਬਾਹਰ ਕੁਰਬਾਨੀਆਂ ਕਰਨ ਵਾਲੀ ਸਿਖ ਕੌਮ ਨੂੰ ਦਿਤਾ ਉਹ ਸੀ ਕਿਰਪਾਨ ਤੇ ਪਾਬੰਦੀ । ਮਾਸਟਰ ਤਾਰਾ ਸਿੰਘ ਜੀ ਬੜੇ ਹੱਮੇਂ ਨਾਲ ਪੰਡਤ ਜੀ ਨੂੰ ਮਿਲਣ ਤੁਰ ਗਏ।ਦਿਲੀ ਪੁਜਣ ਤੋਂ ਪਹਿਲਾਂ ਹੀ ਗਿਰਫਤਾਰ ਕਰ ਲਏ ਗਏ। ਵਕਤ ਮਿਲਣ ਤੇ ਜਦ ਪੰਡਤ ਜੀ ਨੂੰ ਅਤੇ ਗ੍ਰੈਹ ਮੰਤਰੀ ਪਟੇਲ ਜੀ ਨੂੰ ਮਿਲ ਕੇ ਕੀਤੇ ਇਕਰਾਰਾਂ ਦਾ ਚੇਤਾ ਕਰਵਾਇਆ ਤਾਂ ਜਵਾਬ ਮਿਲਿਆ ਸੀ (ਅਬ ਵਕਤ ਬਦਲ ਚੁਕਾ ਹੈ) ਸਿਰਫ ਏਨਾਂ ਕਹਿਣਾ ਹੀ ਬਾਕੀ ਸੀ ਕਿ ਵਾਹ ਭਈ ਸਿਖੋ ਤੁਮ ਲੋਗੋਂ ਨੇ ਇਤਹਾਸ ਸੇ ਕਭੀ ਕੁਛ ਨਹੀਂ ਸੀਖਾ ਹਮਾਰੇ ਬਜ਼ੁਰਗ ਤੋ ਆਟੇ ਕੀ ਗਊ ਬਨਾ ਕਰ ਖਾਈ ਹੂਈ ਕਸਮੇਂ ਤੋੜ ਦੇਨੇ ਮੇਂ ਮਾਹਰ ਥੇ ਹਮ ਨੇ ਤੋ ਸਿਰਫ ਬਾਤੋਂ ਕੇ ਗੁਲਗੁਲੇ ਪਕਾਏ ਥੇ ਤੁਮ ਉਨ ਬਾਤੋਂ ਪਰ ਇਤਮਾਦ ਲੇ ਆਏ ਤੋ ਹਮਾਰਾ ਕਿਆ ਕਸੂਰ।

ਮੈਂਬਰ ਪਾਰਲੀਮੈਂਟ ਠਾਕਰ ਹੁਕਮ ਸਿੰਘ ਹੀ ਨਹੀਂ ਪੂਰੀ ਦੀ ਪੂਰੀ ਨਹਿਰੂ ਸਰਕਾਰ ਇਸ ਗੱਲ ਤੇ ਤੁਲੀ ਹੋਈ ਸੀ ਕਿ ਸਿਖਾਂ ਤੇ ਜਰਾਇਮ ਪੇਸ਼ਾ ਦਾ ਲੇਬਲ ਲਾ ਕੇ ਕੁੱਚਲ ਦਿਤਾ ਜਾਵੇ। ਸਪੋਕਸਮੈਨ ਅਖਬਾਰ ਨੇ ਇਸ ਦੇ ਉਤਰ ਵਿਚ ਲਿਖਿਆ ਸੀ ਕਿ ਚੰਬਲ ਘਾਟੀ ਵਿਚ ਜਿਨੇ ਡਾਕੂ ਪਲਦੇ ਹਨ ਜ਼ਿਆਦਾ ਤਰ ਠਾਕਰ ਹੀ ਹੁੰਦੇ ਹਨ। ਠਾਕਰ ਭੂਪਤ ਸਿੰਘ ਡਾਕੂ ਦੇ ਗਰੋਹ ਨੂੰ ਕਾਬੂ ਕਰਨ ਲਈ ਵਿਢੀਆਂ ਮੁਹਿਮਾਂ ਤੇ ਸਰਕਾਰ ਨੂੰ ਬੇ ਬਹਾ ਖਰਚਾ ਕਰਨਾ ਪੈਂਦਾ ਹੈ ਜਦ ਕਿ ਸਿਖ ਕੌਮ ਅਮਨ ਅਮਾਨ ਨਾਲ ਨਿਰਬਾਹ ਕਰ ਰਹੀ ਹੈ। ਕੀ ਠਾਕਰ ਹੁਕਮ ਸਿੰਘ ਜੀ ਇਹ ਮੰਨਣ ਨੂੰ ਤਿਆਰ ਹਨ ਕਿ ਉਹ ਵੀ ਠਾਕਰ ਹੁੰਦੇ ਹੋਏ ਡਾਕੂਆਂ ਦੇ ਭਾਈਵਾਲ ਹਨ।

ਬਰਤਾਨੀਆਂ ਸਰਕਾਰ ਤੇ ਇਹ ਦੋਸ਼ ਲਾਇਆ ਜਾਂਦਾ ਸੀ ਕਿ ਉਸ ਨੇ ਸੂਬਿਆਂ ਦੀ ਰੂਪ ਰੇਖਾ ਇਸ ਢੰਘ ਨਾਲ ਉਲੀਕੀ ਹੋਈ ਸੀ ਕਿ ਇਕ ਇਕ ਸੂਬੇ ਵਿਚ ਦੋ ਤਿੰਨ ਭਾਸ਼ਾ ਬੋਲੀਆਂ ਜਾਂਦੀਆਂ ਸਨ। ਨੈਹਰੂ ਸਰਕਾਰ ਨੇ ਬਾਕੀ ਸੂਬੇ ਤਾਂ ਭਾਸ਼ਾ ਦੇ ਅਧਾਰ ਤੇ ਬਣਾ ਦਿਤੇ ਪਰ ਪੰਜਾਬੀ ਸੂਬੇ ਨੂੰ ਬਣਾਉਣ ਤੋਂ ਇਨਕਾਰ ਕਰ ਦਿਤਾ। ਵਡਾ ਕਾਰਨ ਪੰਜਾਬੀ ਬੋਲੀ ਅਤੇ ਪੰਜਾਬੀ ਵਿਰਸੇ ਨੂੰ ਨੇਸਤੋ ਨਾਬੂਦ ਕਰਨਾ ਸੀ। ਬੋਲੀ ਵਿਰਸੇ ਨਾਲੋਂ ਟੁਟੀਆਂ ਕੌਮਾ ਮਿਟ ਜਾਂਦੀਆਂ ਹਨ। ਪੰਜਾਬੀ ਸੂਬਾ ਬਣਾਉਣ ਲਈ ਕਾਫੀ ਜਦੋ ਜਹਿਦ ਕਰਨੀ ਪਈ। ਪੰਜਾਬੀ ਮੋਰਚਾ ਲਗਾ ਹੋਇਆ ਸੀ ਪੰਡਤ ਨੈਹਰੂ ਇਕ ਵੇਰ ਬਾਜ ਪੁਰ (ਯੂ ਪੀ) ਗਿਆ ਜਦ ਤਕਰੀਰ ਕਰਨ ਲਗਾ ਤਾਂ ਪੰਡਾਲ ਵਿਚੋਂ ਪੰਜਾਬੀ ਸੂਬਾ ਜਿੰਦਾ ਬਾਦ ਦੇ ਨਾਹਰੇ ਗੂੰਜਣ ਲਗੇ ਪੰਡਤ ਜੀ ਸੂਬਾ ਅਨੁਸਾਰ ਅਗ ਬਗੋਲਾ ਹੋ ਕੇ ਅਪਮਾਨਕ ਸ਼ਬਦਾਂ ਦੀ ਵਰਤੋਂ ਕਰਦਾ ਹੋਇਆ ਆਖਣ ਲਗਾ ਬਦਤਮੀਜ਼ ਕਹੀਂ ਕੇ ਨਿਕਲ ਜਾਓ ਜਹਾਂ ਸੇ। ਛੇਤੀ ਹੀ ਬਾਅਦ ਨੈਨੀਤਾਲ ਜ਼ਿਲੇ ਚੋਂ ਪੰਜਾਬੀਆਂ ਨੂੰ ਕੱਢਣ ਦੀ ਮੁਹਿਮ ਚਲ ਪਈ । ਪੰਜਾਬੀਆਂ ਨੂੰ ਫਾਰਮਾਂ ਵਿਚੋਂ ਕੱਢ ਕੇ ਕੈਂਪਾਂ ਵਿਚ ਡਕ ਦਿਤਾ ਗਿਆ। ਪੰਜਾਬੀ, ਪਰਤਾਪ ਸਿੰਘ ਕੈਰੋਂ ਪਾਸ ਫਰਿਆਦੀ ਹੋਏ ਤਾਂ ਕਿਤੇ ਜਾ ਕੇ ਉਹਨਾਂ ਫਾਰਮਰਾਂ ਦਾ ਮੁੜ ਬਸੇਬਾ ਹੋਇਆ। ਦੁਬਾਰਾ 2006 ਵਿਚ ਨੈਨੀਤਾਲ ਜ਼ਿਲੇ ਵਿਚ ਪੰਜਾਬੀ ਫਾਰਮਰਾਂ ਤੇ ਪੁਲੀਸ ਦਾ ਅਤਿਆਚਾਰ ਦੁਨੀਆਂ ਨੇ ਦੇਖਿਆ ਹੈ। ਮੈਂ ਖੁਦ 10 ਸਾਲ ਯੂ ਪੀ ਵਿਚ ਫਾਰਮ ਕੀਤੀ ਹੈ ਜ਼ਮੀਨ ਆਬਾਦ ਕਰਨ ਲਗਿਆਂ ਜਿਦਾਂ ਸਪਾਂ ਦੀਆਂ ਸਿਰੀਆਂ ਮਿੱਧਣੀਆਂ ਪੈਂਦੀਆਂ ਹਨ ਉਹ ਇਕ ਲੰਬੀ ਦਾਸਤਾਨ ਹੈ।

1947 ਤੋਂ ਲੈ ਕੇ 1964 ਤਕ ਪੰਡਤ ਜਵਾਹਰ ਲਾਲ ਨੈਹਰੂ ਦੇਸ਼ ਦੇ ਪਰਧਾਨ ਮੰਤਰੀ ਰਹੇ ਇਨੇ ਸਾਲਾਂ ਵਿਚ ਬਗੇਰ ਕਿਸੇ ਪੰਜ ਸਾਲਾ ਯੋਜਨਾ ਦੇ ਭਰਿਸ਼ਟਾਚਾਰ ਦਾ ਬੋਲ ਬਾਲਾ ਦਿਨ ਬਦਿਨ ਵਧਿਆ। ਗਰੀਬ ਅਤੇ ਅਮੀਰ ਵਿਚ ਪਾੜਾ ਵੱਧਿਆ। ਕਾਂਗਰਸ ਦੇ ਵਕਾਰ ਨੂੰ ਧਕਾ ਲੱਗਾ। ਪਰ ਪੰਡਤ ਜੀ ਭਾਰਤ ਦੇ ਲੋਕਾਂ ਦਾ ਜੀਵਨ ਪਧਰ ਉਚਾ ਕਰਨ ਦੀ ਬਜਾਏ ਐਸ਼ੀਆ ਦਾ ਲੀਡਰ ਬਣਨ ਵਿਚ ਰੁਝੇ ਰਹੇ। ਹਿੰਦੀ ਚੀਨੀ ਭਾਈ ਭਾਈ ਬਣਦੇ ਬਣਦੇ ਖੂਨੀ ਹੋਲੀ ਖੇਡਣ ਲਗ ਪਏ। ਪੰਡਤ ਜੀ ਤੋਂ ਬਾਅਦ ਲਾਲ ਬਹਾਦਰ ਸ਼ਾਸ਼ਤਰੀ ਨੇ ਕੁਝ ਸਮੇਂ ਲਈ ਦੇਸ਼ ਦੀ ਵਾਗ ਡੋਰ ਸੰਭਾਲੀ। ਜੈ ਜਵਾਨ ਜੈ ਕਿਸਾਨ ਦਾ ਨਾਹਰਾ ਦਿਤਾ ਕੁਝ ਸੰਵਾਰ ਸਕਣ ਤੋਂ ਪਹਿਲਾਂ ਹੀ ਇਕ ਭੇਦ ਭਰੀ ਮੌਤ ਨਾਲ ਕਾਲੇ ਪਰਦੇ ਓਹਲੇ ਹੋ ਗਿਆ। ਇਨੇ ਕੁਰੱਪਟ ਦੇਸ਼ ਵਿਚ ਇਕ ਸ਼ਰੀਫ ਆਦਮੀ ਟਿਕ ਵੀ ਕਿਦਾਂ ਸਕਦਾ ਸੀ।

ਡਰਾਈਵਰ ਸੀਟ ਤੇ ਨੇਹਰੂ ਜੀ ਦੀ ਬੇਟੀ ਬੀਬੀ ਇੰਦਰਾ ਆਉਣ ਨਾਲ ਭਾਰਤ ਨੈਹਰੂ ਪ੍ਰਿਵਾਰ ਦੀ ਬਾਦਸ਼ਾਹਤ ਬਣ ਕੇ ਰਹਿ ਗਿਆ। ਪੰਜਾਬੀ ਸੂਬੇ ਦੀ ਮੰਗ ਆਪਣੇ ਬਾਪ ਦੀ ਤਰ੍ਹਾ ਲਟਕਾਈ ਰਖੀ। ਇੰਦਰਾ ਦੇ ਕੁਝ ਸਮੇਂ ਰਾਜ ਭਾਗ ਤੋਂ ਦੂਰ ਹੋਣ ਨਾਲ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰਖ ਕੇ ਪੰਜਾਬੀਆਂ ਨੂੰ ਇਕ ਲੰਗੜਾ ਪੰਜਾਬੀ ਸੂਬਾ ਬਣਾ ਦਿਤਾ। ਜੰਗਲਾਤ ਹਿਮਾਚਲ ਵਿਚ ਚਲੇ ਗਏ ਇੰਡਸਟਰੀ ਹਰਿਆਣਾ ਪਾਸ ਚਲੀ ਗਈ ਬੇਟ ਦਾ ਇਲਾਕਾ ਅਤੇ ਲੈਫਟ ਰਾਈਟ ਕਰਨ ਨੂੰ ਪਾਕਸਤਾਨ ਨਾਲ ਲਗਦੀ ਸਰਹਦ ਪੰਜਾਬੀਆਂ ਦੇ ਹਿਸੇ 1 ਨਵੰਬਰ 1966 ਨੂੰ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78,79 ਅਤੇ 80 ਨਾਲ ਹੈਡਵਰਕਸ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਹਕ ਵੀ ਕੇਂਦਰ ਪਾਸ ਚਲਾ ਗਿਆ। ਇਹ ਤਾਂ ਪੰਜਾਬੀਆ ਦੀ ਖਾਸ ਕਰ ਸਿਖਾ ਦੀ ਤਕਦੀਰ ਚੰਗੀ ਸੀ ਜੋ ਉਹ ਰੋਜ਼ੀ ਰੋਟੀ ਦੀ ਭਾਲ ਵਿਚ ਪਰਦੇਸਾਂ ਨੂੰ ਪਲਾਇਨ ਕਰ ਗਏ ਨਹੀਂ ਤਾਂ ਭਾਰਤ ਸਰਕਾਰ ਤਾਂ ਉਹਨਾਂ ਨੂੰ ਘੱਸਿਆਰੇ ਬਣਾਉਣ ਤੇ ਤੁਲੀ ਹੋਈ ਸੀ।

1978 ਦੀ ਵੈਸਾਖੀ ਤੋਂ ਸ਼ੁਰੂ ਹੋਇਆ ਨਿਰੰਕਾਰੀ ਕਾਂਡ ਅਕਾਲ ਤਖਤ ਤੇ ਭਾਰਤ ਦੀ ਫੌਜ ਵਲੋਂ ਸ਼ਰਮਨਾਕ ਹਮਲੇ ਦੇ ਰੂਪ ਵਿਚ ਸਾਹਮਣੇ ਆਇਆ। ਹਰਮੰਦਰ ਕੰਮਪਲੈਕਸ ਇਕ ਕਿਲ੍ਹੇ ਵਿਚ ਤਬਦੀਲ ਹੋਣ ਨਾਲ ਉਸ ਸਥਾਨ ਦੀ ਧਾਰਮਕ ਪਵਿੱਤ੍ਰਤਾ ਨੂੰ ਵੱਡੀ ਠੇਸ ਪੁਜੀ। ਅੰਦਰ ਬੈਠੇ ਐਲਾਨ ਕਰ ਰਹੇ ਸਨ ਕਿ ਉਹ ਹਰਮੰਦਰ ਦੀ ਪਵਿਤ੍ਰਤਾ ਨੂੰ ਭੰਗ ਨਹੀਂ ਹੋਣ ਦੇਣਗੇ। ਇੰਦਰਾ ਗਾਂਧੀ ਦੀ ਸਰਕਾਰ ਆਖ ਰਹੀ ਸੀ ਕਿ ਉਸ ਨੇ ਭੰਗ ਹੋਈ ਹਰਮੰਦਰ ਦੀ ਪਵਿਤ੍ਰਤਾ ਨੂੰ ਮੁੜ ਬਹਾਲ ਕਰਨਾ ਹੈ। ਭਾਰਤੀ ਫੌਜ ਦੀ ਗੋਲੀ ਬਾਹਰੋਂ ਅੰਦਰ ਵਲ ਜਾਂਦੀ ਸੀ ਅਤੇ ਅਤੇ ਜਵਾਬ ਵਿਚ ਪਵਿਤ੍ਰਤਾ ਦੀ ਰਾਖੀ ਕਰਨ ਵਾਲਿਆਂ ਦੀ ਗੋਲੀ ਬਾਹਰ ਵਲ ਆਉਂਦੀ ਸੀ ਦੋਵਾਂ ਦੀਆਂ ਗੋਲੀਆਂ ਪਵਿਤ੍ਰਤਾ ਵਿਚਾਰੀ ਨੂੰ ਛਲਣੀ ਛਲਣੀ ਕਰ ਰਹੀਆਂ ਸਨ। 4 ਜੂਨ 1984 ਨੂੰ ਵਰਤੇ ਸ਼ਰਮਨਾਕ ਦੁਖਾਂਤ ਤੋਂ ਵੀ ਸਿਖ ਆਗੂਆਂ ਨੇ ਸਿਆਸੀ ਲਾਹਾ ਹੀ ਲਿਆ। ਅਜ ਤਕ ਕਦੇ ਵੀ ਨਿਰਪੱਖ ਹੋ ਕੇ ਉਸ ਸ਼ਰਮਨਾਕ ਘਟਨਾ ਬਾਰੇ ਵਿਚਾਰ ਨਹੀਂ ਕੀਤੀ। ਅਤੇ ਨਾ ਕਦੇ ਕਰਨ ਦੀ ਉਮੀਦ ਹੈ। ਹਾਂ 'ਸਾਡਾ ਧਰਮ ਅਤੇ ਸਿਆਸਤ' ਇਕਠੇ ਹਨ ਦੀ ਬੇਸੁਆਦ ਖਿਚੜੀ ਜਰੂਰ ਰਿਝਦੀ ਰਹੇਗੀ। ਪਰਦੇਸਾਂ ਵਿਚ ਆ ਕੇ ਵੀ ਅਸੀਂ ਕੁਝ ਨਹੀਂ ਸਿਖਿਆ। ਹਰ ਹਫਤੇ ਜਦ ਅਖਬਾਰ ਆਉਂਦੀ ਹੈ ਤਾਂ ਕਿਸੇ ਨਵੇਂ ਗੁਰੂ ਘਰ ਬਣਨ ਦੀ ਸੂਚਨਾ ਪੜ੍ਹਨ ਨੂੰ ਮਿਲਦੀ ਹੈ ਦਾਨ ਲਈ ਅਪੀਲ ਹੁੰਦੀ ਹੈ। ਦੋ ਤਿਨ ਵੱਰਕੇ ਪਰਤਣ ਨਾਲ ਉਸੇ ਅਖਬਾਰ ਵਿਚ ਕਿਸੇ ਗੁਰੂਦਵਾਰੇ ਵਿਚ ਹੋਈ ਹਥੋ ਪਾਈ ਦਾ ਵਰਨਣ ਹੁੰਦਾ ਹੈ। ਵਕੀਲਾਂ ਦੀਆਂ ਝੋਲੀਆਂ ਭਰੀਆਂ ਜਾਂ ਰਹੀਆਂ ਹਨ ਆਪਣੀਆਂ ਦਾੜ੍ਹੀਆਂ ਵਕੀਲਾਂ ਅਤੇ ਜਜਾਂ ਦੇ ਹਥਾਂ ਵਿਚ ਫੜਾ ਕੇ ਆਖਦੇ ਹਾਂ ਝਟਕਾ ਜ਼ਰਾ ਆਹਿਸਤਾ ਮਾਰਨਾ। ਮੋੜ ਪੈਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਆਪਣੀ ਇਸ ਖਿਚੋਤਾਣ ਦਾ ਦੋਸ਼ ਅਸੀਂ ਦੂਸਰਿਆਂ ਸਿਰ ਮੜ੍ਹ ਦਿੰਦੇ ਹਾਂ। 84 ਦੇ ਦੰਗਿਆਂ ਵਿਚ ਦਿਲੀ ਕਾਨਪੁਰ ਅਤੇ ਹੋਰ ਕਈ ਸ਼ੈਹਰਾਂ ਵਿਚ ਹੋਏ ਸ਼ਰਮਨਾਕ ਤਾਂਡਵ ਨਾਚ ਦੇ ਦੋਸ਼ੀ ਰਾਜ ਭਾਗ ਦੀਆਂ ਕੁਰਸੀਆਂ ਦਾ ਅਨੰਦ ਮਾਣਦੇ ਆ ਰਹੇ ਹਨ। ਮਜ਼ਲੂਮਾ ਦੀ ਕੋਈ ਸੁਣਵਾਈ ਨਹੀਂ। ਪੰਜਾਬ ਦੀ ਜੁਆਨੀ ਜੇਹਲ ਦੀਆਂ ਕਾਲ ਕੋਠੜੀਆਂ ਵਿਚ ਡੱਕੀ ਹੋਈ ਬਾਗੀ ਹੋ ਗਈ ਹੈ। ਕਿਸੇ ਪਾਸੇ ਵੀ ਕੋਈ ਸੁਣਵਾਈ ਨਹੀਂ। ਮਨੂ ਸਿਮਰਤੀ ਵਿਚ ਜੋ ਦਲਤਾਂ ਨਾਲ ਸਲੂਕ ਕਰਨ ਲਈ ਦਰਜ ਹੈ ਸਾਡੇ ਨਾਲ ਉਹੀ ਕੁਝ ਹੋ ਰਿਹਾ ਹੈ। ਗੁ ਬਾਬਾ ਨਾਨਕ ਦਾ ਆਦਰਸ਼ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚ ਨਾਨਕੁ ਤਿਨ ਕੇ ਸੰਗਿ ਸਾਥਿ' ਨੂੰ ਭੁਲ ਭੁਲਾ ਕੇ ਮਰਿਆਦਾ ਦਾ ਹਊਆ ਖੜਾ ਕਰਕੇ ਆਪਸੀ ਵੰਡੀਆਂ ਪਾਈ ਜਾ ਰਹੇ ਹਾਂ। ਦਲਤ ਭਾਈ ਚਾਰਾ ਸਾਥੋਂ ਦੂਰ ਹੁੰਦਾ ਜਾ ਰਿਹਾ ਹੈ।ਪੰਜਾਬ ਦੀ ਜੁਆਨੀ ਪਰਦੇਸਾਂ ਵਲ ਨੂੰ ਜਾ ਰਹੀ ਹੈ। ਬਿਹਾਰ ਤੋਂ ਅਤੇ ਹੋਰ ਸੂਬਿਆ ਤੋਂ ਕਾਮੇ ਆ ਕੇ ਪੰਜਾਬ ਵਿਚ ਵਸ ਰਹੇ ਹਨ। ਪੰਜਾਬ ਵਿਚ ਹੀ ਅਕਲੀਅਤ ਬਣਨ ਨੂੰ ਜ਼ਿਆਦਾ ਸਮਾਂ ਨਹੀਂ ਲਗਣਾ। ਜੀ ਸਦਕੇ ਖਾਲਸਤਾਨ ਦੀ ਮੰਗ ਕਰੋ ਕੋਈ ਨਹੀਂ ਰੋਕਦਾ ਪਰ ਖਾਲਸਤਾਨ ਦੀ ਮੰਜ਼ਲ ਤੇ ਪੁਜਣ ਲਈ ਕੋਈ ਤਰਕੀਬ ਤਾਂ ਹੋਣੀ ਚਾਹੀਦੀ ਹੈ ਬਗੈਰ ਰਾਹ ਤੋਂ ਜੈਕਾਰੇ ਨਾਹਰੇ ਅਤੇ ਮੁਜ਼ਾਹਰੇ ਸਿਰਫ ਦਿਖਾਵਾ ਬਣ ਕੇ ਰਹਿ ਜਾਂਦੇ ਹਨ। ਪਰਾਪਤੀ ਕੁਝ ਵੀ ਨਹੀਂ ਹੁੰਦੀ। ਹੁਣ ਵੋਟਾਂ ਦਾ ਯੁਗ ਹੈ ਭੁਕੀ ਅਤੇ ਨਸ਼ੇ ਤੇ ਵਿਕਣ ਵਾਲੀਆ ਵੋਟਾਂ ਨਾਲ ਕੋਈ ਤਬਦੀਲੀ ਨਹੀਂ ਆ ਸਕਣੀ। ਸੋ ਕਿਸੇ ਵੀ ਪਰਾਪਤੀ ਲਈ ਲੋਕਾਈ ਨੂੰ ਜਾਗਰੂਕ ਕਰਨਾ ਅਤ ਜ਼ਰੂਰੀ ਹੈ। ਪਹਿਲਾ ਕਦਮ ਧਰਮ ਅਤੇ ਸਿਆਸਤ ਨੂੰ ਵਖਰਾ ਵਖਰਾ ਕੀਤਾ ਜਾਵੇ। ਦੂਸਰਾ ਦਲਤ ਭਾਈਚਾਰੇ ਨਾਲ ਜੋ ਇਖਤਲਾਫ ਹੋ ਰਹੇ ਹਨ ਉਹ ਦੂਰ ਕੀਤੇ ਜਾਣ। ਤੀਸਰਾ ਭਈਆ ਹੁਣ ਪੰਜਾਬ ਦਾ ਵਸਨੀਕ ਹੈ ਉਸ ਨਾਲ ਨਫਰਤ ਕਰਨ ਦੀ ਬਜਾਏ ਉਸ ਨੂੰ ਆਪਣੇ ਨਾਲ ਜੋੜੋ। ਚੌਥਾ ਕਥਾ ਕੀਰਤਨ ਪਰਚਾਰ ਦਾ ਇਕ ਜ਼ਰੀਆ ਹੈ ਜੰਨਤਾ ਦਾ ਵਿਸ਼ਵਾਸ ਜਿੱਤਣ ਲਈ ਸੁਚੱਜਾ ਵਿਉਹਾਰ ਜ਼ਰੂਰੀ ਹੈ। ਵਾਸ਼ਿਗੰਟਨ ਜਾਂ ਯੂ ਐਨ ਓ ਨੇ ਖਾਲਸਤਾਨ ਬਣਾ ਕੇ ਸਾਡੇ ਹਥ ਨਹੀਂ ਫੜਾਉਣਾ। ਸਾਨੂੰ ਇਸ ਕੰਮ ਲਈ ਜਨ-ਸਾਧਾਰਨ ਨੂੰ ਆਪਣੇ ਚੰਗੇ ਵਿਉਹਾਰ ਨਾਲ ਇਸ ਮੰਗ ਦਾ ਹਿਸਾ ਬਣਾਉਣਾ ਪੈਣਾ ਹੈ। ਕਿਸੇ ਵੀ ਮੰਜ਼ਲ ਤੇ ਪੁਜਣ ਲਈ ਨੇਕ ਇਰਾਦਾ ਚਾਹੀਦਾ ਹੈ ਇਰਾਦੇ ਨੇਕ ਹੋਂ ਤੋ ਮੰਜ਼ਿਲ ਚਲ ਕਰ ਆਤੀ ਹੈ ਸਮੁੰਦਰ ਰਾਹ ਦੇਤੇ ਹੈਂ ਚੱਟਾਨੇ ਥਰ-ਥਰਾਤੀ ਹੈਂ ।

# ਪਹਿਲਾ ਵਿਸ਼ਵ ਯੁੱਧ ਇਕ ਜੰਗ ਦੀ ਇਕ ਸਦੀ



ਮਨੁੱਖੀ ਇਤਿਹਾਸ ਗਵਾਹ ਹੈ ਕਿ ਇਨਸਾਨ ਨੇ ਸਭ ਤੋਂ ਜ਼ਿਆਦਾ ਆਪਣੀਆਂ ਗ਼ਲਤੀਆਂ ਤੋਂ ਹੀ ਸਿੱਖਿਆ ਹੈ । ਹਰ ਗ਼ਲਤੀ ਤੋਂ ਬਾਅਦ ਉਸ ਨੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਕਾਸ ਕੀਤਾ ਹੈ, ਭਾਵੇਂ ਗ਼ਲਤੀ ਕਰਨੀ ਨਾ ਛੱਡੀ ਹੋਵੇ । ਪਹਿਲਾ ਵਿਸ਼ਵ ਯੁੱਧ ਲਿਖਤ ਇਤਿਹਾਸ ਦੀ ਪਰੰਪਰਾ ਸ਼ੁਰੂ ਹੋਣ ਤੋਂ ਬਾਅਦ ਦੀ ਸ਼ਾਇਦ ਪਹਿਲੀ ਸਭ ਤੋਂ ਭਿਆਨਕ ਅਤੇ ਸਭ ਤੋਂ ਬੱਜਰ ਗ਼ਲਤੀ ਸੀ । ਇਸ ਗ਼ਲਤੀ ਨੂੰ ਹੁਣ ਇਕ ਸਦੀ ਗੁਜ਼ਰ ਚੁੱਕੀ ਹੈ ।

ਇਨਸਾਨ ਦੀ ਇਸ ਸਭ ਤੋਂ ਵੱਡੀ ਗ਼ਲਤੀ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਹਮੇਸ਼ਾ-ਹਮੇਸ਼ਾ ਲਈ ਬਦਲ ਕੇ ਵੀ ਰੱਖ ਦਿੱਤਾ । ਉਸ ਦਾ ਝੰਜੋੜਿਆ ਜਾਣਾ ਸੁਭਾਵਿਕ ਹੀ ਸੀ । ਅਸਲ ਵਿਚ ਉਸ ਨੇ ਇਸ ਤੋਂ ਪਹਿਲਾਂ ਕਦੇ ਏਨਾ ਵੱਡਾ, ਏਨਾ ਭਿਆਨਕ ਵਿਨਾਸ਼ ਨਹੀਂ ਸੀ ਦੇਖਿਆ । 3,89,80,500 ਸੈਨਿਕ ਤਾਂ ਰਿਕਾਰਡ ਵਿਚ ਦੱਸੇ ਅਨੁਸਾਰ ਮਾਰੇ ਗਏ ਜਦੋਂ ਕਿ ਪੂਰੀ ਦੁਨੀਆ ਇਸ ਸੱਚ ਨੂੰ ਜਾਣਦੀ ਹੈ ਕਿ ਯੁੱਧ ਵਿਚ ਮਿ੍ਤਕਾਂ ਦੇ ਅੰਕੜੇ ਮਹਾਭਾਰਤ ਕਾਲ ਨਾਲੋਂ ਵੀ ਘੱਟ ਉਜਾਗਰ ਕੀਤੇ ਜਾਂਦੇ ਰਹੇ ਹਨ । ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਸਲ ਵਿਚ ਕਿੰਨੇ ਸੈਨਿਕ ਮਾਰੇ ਗਏ ਹੋਣਗੇ। ...ਅਤੇ ਹਾਂ ਸਿਰਫ ਸੈਨਿਕਾਂ ਦੀ ਗੱਲ ਹੀ ਕਿਉਂ ਕਰੀਏ। ਯੁੱਧਾਂ ਦੇ ਵਿਸ਼ਲੇਸ਼ਣ ਦੱਸਦੇ ਹਨ ਕਿ ਦੁਨੀਆ ਦਾ ਕੋਈ ਵੀ ਯੁੱਧ ਸਿਰਫ ਸੈਨਿਕਾਂ ਵਿਚ ਨਹੀਂ ਹੁੰਦਾ । ਪਹਿਲਾਂ ਵੀ ਕਦੇ ਨਹੀਂ ਸੀ ਹੋਇਆ ਜਦੋਂ ਸੈਨਿਕ ਪੈਦਲ ਜਾਂ ਹਾਥੀ, ਘੋੜਿਆਂ 'ਤੇ ਚੜ੍ਹ ਕੇ ਲੜਦੇ ਸਨ ਅਤੇ ਨਾ ਹੀ ਹੁਣ ਹੁੰਦੇ ਹਨ ਜਦੋਂ ਕਿ ਯੁੱਧ ਕੰਟਰੋਲ ਰੂਮ ਵਿਚ ਬਟਨ ਦਬਾ ਕੇ ਲੜੇ ਜਾਂਦੇ ਹਨ । ਅੱਜ ਵੀ ਕਿਸੇ ਯੁੱਧ ਵਿਚ 3-4 ਫ਼ੀਸਦੀ ਆਮ ਲੋਕ ਮਾਰੇ ਜਾਂਦੇ ਹਨ । ਮੱਧਕਾਲ ਵਿਚ ਇਨ੍ਹਾਂ ਦੀ ਗਿਣਤੀ ਸੈਨਿਕਾਂ ਦੇ ਅੱਧ ਤੋਂ ਕੁਝ ਹੀ ਘੱਟ ਸੀ । ਮਹਾਭਾਰਤ ਵਰਗੇ ਧਰਮ ਯੁੱਧ ਵਿਚ ਤਾਂ ਦੁੱਧ ਪੀਂਦੇ ਬੱਚੇ ਅਤੇ ਪੇਟ ਵਿਚ ਪਲ ਰਹੇ ਗਰਭ ਤੱਕ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ । ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਪਹਿਲੇ ਵਿਸ਼ਵ ਯੁੱਧ ਵਿਚ ਕਿੰਨੇ ਆਮ ਲੋਕ ਮਾਰੇ ਗਏ ਹੋਣਗੇ ।

ਇਤਿਹਾਸ ਦੇ ਸਫ਼ਿਆਂ ਵਿਚ ਕੈਦ 20ਵੀਂ ਸਦੀ ਦੇ ਇਸ ਭਿਆਨਕ ਦੁਖਾਂਤ ਨੇ ਦੁਨੀਆ ਦਾ ਆਰਥਿਕ ਆਧਾਰ ਡਗਮਗਾ ਦਿੱਤਾ ਸੀ । ਦੁਨੀਆ ਦੇ ਤਕਰੀਬਨ 37 ਦੇਸ਼ ਜਾਂ ਤਾਂ ਦੀਵਾਲੀਆ ਹੋ ਗਏ ਸਨ ਜਾਂ ਦੀਵਾਲੀਆਪਨ ਦੇ ਨੇੜੇ ਪਹੁੰਚ ਗਏ ਸਨ । ਇਨ੍ਹਾਂ ਵਿਚ ਕੁਝ ਅਜਿਹੇ ਦੇਸ਼ ਵੀ ਸ਼ਾਮਿਲ ਸਨ, ਜਿਨ੍ਹਾਂ ਦੀ ਧਰਤੀ 'ਤੇ ਭਾਵੇਂ ਯੁੱਧ ਨਾ ਲੜਿਆ ਗਿਆ ਹੋਵੇ ।

ਇਸ ਦਾ ਸਭ ਤੋਂ ਵੱਡਾ ਉਦਾਹਰਨ ਖ਼ੁਦ ਭਾਰਤ ਸੀ । ਭਾਰਤ ਪ੍ਰਤੱਖ ਰੂਪ ਵਿਚ ਯੁੱਧ ਭੂਮੀ ਨਹੀਂ ਸੀ । ਪਰ ਸਾਡੇ 8,00,000 ਸੈਨਿਕ ਇਸ ਵਿਚ ਸ਼ਾਮਿਲ ਹੋਏ ਸਨ ਅਤੇ ਉਨ੍ਹਾਂ ਦਿਨਾਂ ਵਿਚ ਬਰਤਾਨੀਆ ਦੇ ਗੁਲਾਮ ਹੋਣ ਕਾਰਨ ਇੰਗਲੈਂਡ ਨੇ ਆਪਣਾ ਬੋਝ ਵੀ ਸਾਡੇ ਮੋਢਿਆਂ 'ਤੇ ਸੁੱਟ ਦਿੱਤਾ ਸੀ । ਉਦੋਂ ਭੁੱਖਮਰੀ, ਬੇਰੁਜ਼ਗਾਰੀ ਆਪਣੀ ਸਿਖ਼ਰ 'ਤੇ ਪਹੁੰਚ ਚੁੱਕੀ ਸੀ ।

ਪਰ ਜਿਥੇ ਏਨੇ ਨੁਕਸਾਨ ਹੋਏ ਸਨ, ਉਥੇ ਇਸ ਦੁਖਾਂਤ ਦੇ ਅਜਿਹੇ ਨਤੀਜੇ ਵੀ ਨਿਕਲੇ ਕਿ ਦੁਨੀਆ ਹਮੇਸ਼ਾ ਹਮੇਸ਼ਾ ਲਈ ਬਦਲ ਗਈ । ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਨਸਾਨ ਦੀ ਆਕਾਸ਼ ਵਿਜੈ ਦੀ ਨੀਂਹ ਰੱਖੀ । ਹਾਲਾਂਕਿ ਕਹਿਣਾ ਸੌਖਾ ਨਹੀਂ ਹੈ, ਪਰ ਜੇ ਪਹਿਲੇ ਵਿਸ਼ਵ ਯੁੱਧ ਵਿਚ ਮਿਜ਼ਾਈਲਾਂ ਵੱਲ ਧਿਆਨ ਨਾ ਜਾਂਦਾ ਤਾਂ ਉਪਗ੍ਰਹਿਆਂ ਨੂੰ ਬ੍ਰਹਿਮੰਡ ਤੱਕ ਲਿਜਾਣ ਵਾਲੇ ਰਾਕੇਟ ਵੀ ਹੋਂਦ 'ਚ ਨਾ ਆਉਂਦੇ । ਤੇਜ਼ ਹਵਾਈ ਯੁੱਗ ਦੇ ਦਰਵਾਜ਼ੇ ਨਾ ਖੁੱਲ੍ਹਦੇ ਅਤੇ ਨਾ ਹੀ ਸੈਨਿਕਾਂ ਦੀ ਜ਼ਾਲਮ ਦੁਨੀਆ ਅੱਜ ਵਾਂਗ ਆਕਰਸ਼ਕ ਹੁੰਦੀ । ਪਹਿਲੇ ਵਿਸ਼ਵ ਯੁੱਧ ਨੇ ਬਹੁਤ ਕੁਝ ਬਦਲ ਦਿੱਤਾ ਸੀ । ਲੜਨ-ਮਰਨ ਦਾ ਢੰਗ ਵੀ ਅਤੇ ਅੱਗੇ ਵਧਣ ਦਾ ਜਜ਼ਬਾ ਵੀ। ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਨਸਾਨ ਨੂੰ ਲਗਭਗ ਮੁੜ ਜੀਵਨ ਦੇਣ ਵਾਲੀ ਪੈਂਸਿਲੀਨ ਦੀ ਖੋਜ ਦੇ ਨੇੜੇ ਤੱਕ ਪਹੁੰਚਾਇਆ । ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਕ ਵਿਸ਼ਵ ਧਾਰਨਾ ਦੀ ਰੂਪ-ਰੇਖਾ ਪੇਸ਼ ਕੀਤੀ । ਧਰਤੀ ਨੂੰ ਇਕ ਇਕਾਈ ਦੀ ਕਲਪਨਾ ਦਿੱਤੀ । ਭੂਮੰਡਲੀਕਰਨ ਦੀ ਢਿੱਲੀ ਨੀਂਹ ਰੱਖੀ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਇਸ ਨੇ ਇਨਸਾਨ ਨੂੰ ਵਿਹਾਰਕ ਰੂਪ ਦਿੱਤਾ ਕਿ ਮਿਲ ਕੇ ਇਕ-ਦੂਜੇ ਦੇ ਸਹਿਯੋਗ ਨਾਲ ਕੋਈ ਵੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ ਅਤੇ ਦੁਨੀਆ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਇਕ ਵੱਡੇ ਪੈਮਾਨੇ 'ਤੇ ਸਵੀਕ੍ਰਿਤ ਰਾਜਨੀਤਕ ਦਰਸ਼ਨ ਦੀ ਲੋੜ ਹੁੰਦੀ ਹੈ ।

ਪੂੰਜੀਵਾਦ ਅਤੇ ਸਾਮਵਾਦ ਸਹੀ ਅਰਥਾਂ ਵਿਚ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੀ ਗਤੀਸ਼ੀਲ ਹੋ ਸਕੇ । ਵੋਲਸ਼ਵਿਕ ਕ੍ਰਾਂਤੀ ਹੋਈ । ਸਾਮਵਾਦ ਇਕ ਵੱਡੇ ਆਕਰਸ਼ਕ ਰਾਜਨੀਤਕ ਵਿਚਾਰ ਦੇ ਰੂਪ ਵਿਚ ਸਾਹਮਣੇ ਆਇਆ ਅਤੇ ਦੇਖਦੇ ਹੀ ਦੇਖਦੇ ਛਾ ਗਿਆ ।

ਪਰ ਪੂੰਜੀਵਾਦ ਦਾ ਬਿਸਤਰਾ ਗੋਲ ਨਹੀਂ ਹੋਇਆ ਸਗੋਂ ਸੱਚ ਤਾਂ ਇਹ ਹੈ ਕਿ ਪੂੰਜੀਵਾਦ ਨੇ ਵੀ ਆਪਣੀ ਅਸਲੀ ਰਫ਼ਤਾਰ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੀ ਫੜੀ ਜਦੋਂ ਯੁੱਧ ਦੀ ਭੂਮੀ ਬਣਨ ਤੋਂ ਬਚਿਆ ਅਮਰੀਕਾ ਯੁੱਧ ਤੋਂ ਬਾਅਦ ਇਕ ਸੁਪਰ ਪਾਵਰ ਦੇ ਰੂਪ ਵਿਚ ਉੱਭਰਿਆ । ਸਵਾਲ ਹੈ ਹਾਸਲ ਕਰਨ ਅਤੇ ਗਵਾਉਣ ਵਰਗੇ ਦੋਵੇਂ ਹੀ ਧਰਾਤਲਾਂ ਦੇ ਸਿਖ਼ਰ 'ਤੇ ਬਿਰਾਜਮਾਨ ਇਸ ਮਹਾਂਯੁੱਧ ਦੀ ਪਹਿਲੀ ਸਮਾਪਤ ਸਦੀ ਨੂੰ ਕਿਵੇਂ ਯਾਦ ਕਰੀਏ। ਆਖਰ ਇਕ ਸਦੀ ਬਾਅਦ ਇਸ ਵਿਨਾਸ਼ਕਾਰੀ ਯੁੱਧ ਨੂੰ ਕਿਵੇਂ ਯਾਦ ਕਰੀਏ। ਕਿਉਂਕਿ ਇਸ ਨੂੰ ਜੇ ਅਸੀਂ ਬਾਅਦ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਆਧਾਰ ਮੰਨਿਆ ਤਾਂ ਕਿਤੇ-ਕਿਤੇ ਇਹ ਵੀ ਕਹਿਣਾ ਹੋਵੇਗਾ ਕਿ ਇਹ ਯੁੱਧ ਦੁਨੀਆ ਅਤੇ ਮਨੁੱਖਤਾ ਲਈ ਚੰਗਾ ਸੀ ਜਦੋਂ ਕਿ ਅਜਿਹਾ ਕਦੇ ਵੀ ਨਹੀਂ ਸੀ । ਇਸ ਯੁੱਧ ਦਾ ਸਭ ਤੋਂ ਵੱਡਾ ਦੁਖਾਂਤ ਇਹ ਰਿਹਾ ਕਿ ਅਸੀਂ ਏਨਾ ਸਭ ਕੁਝ ਦੇਖਣ ਅਤੇ ਬਰਦਾਸ਼ਤ ਕਰਨ ਤੋਂ ਬਾਅਦ ਵੀ ਯੁੱਧਾਂ ਤੋਂ ਤੌਬਾ ਨਹੀਂ ਕੀਤੀ । ਪਹਿਲੇ ਵਿਸ਼ਵ ਯੁੱਧ ਦੇ ਭਿਆਨਕ ਦੁਖਾਂਤ ਤੋਂ ਬਾਅਦ ਅਸੀਂ ਦੂਜੇ ਵਿਸ਼ਵ ਯੁੱਧ ਨੂੰ ਸੱਦਾ ਦਿੱਤਾ ਅਤੇ ਪ੍ਰਮਾਣੂ ਤਬਾਹੀ ਤੱਕ ਦੇ ਗਵਾਹ ਬਣੇ । ਇਸ ਤੋਂ ਬਾਅਦ ਭਾਵੇਂ ਕੋਈ ਵਿਸ਼ਵ ਯੁੱਧ ਨਾ ਝੱਲਿਆ ਹੋਵੇ, ਪਰ ਇਤਿਹਾਸ ਵਿਚ ਦਰਜ ਅੰਕੜੇ ਗਵਾਹ ਹਨ ਕਿ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੁਣ ਤੱਕ ਦੁਨੀਆ ਛੋਟੇ-ਵੱਡੇ 285 ਯੁੱਧਾਂ ਦਾ ਸਾਹਮਣਾ ਕਰ ਚੁੱਕੀ ਹੈ । ਕੀ ਅਸੀਂ ਪਹਿਲੇ ਵਿਸ਼ਵ ਯੁੱਧ ਦੀ ਇਕ ਸਦੀ ਬਾਅਦ ਇਹ ਸੋਚਣ ਅਤੇ ਸਮਝਣ ਲਈ ਤਿਆਰ ਹੋਵਾਂਗੇ ਕਿ ਬਿਨਾਂ ਦੁਖਾਂਤ 'ਚੋਂ ਗੁਜ਼ਰਿਆਂ ਫਾਇਦੇ ਅਤੇ ਤਰੱਕੀ ਹਾਸਲ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਦੁਖਾਂਤ 'ਚੋਂ ਗੁਜ਼ਰਨ 'ਤੇ ਇਨ੍ਹਾਂ ਪ੍ਰਾਪਤੀਆਂ ਦੀ ਚਮਕ ਫਿੱਕੀ ਪੈ ਜਾਂਦੀ ਹੈ ।

-ਗੁਰਿੰਦਰ ਸਿੰਘ ਖੰਗੂੜਾ

# ਦੇਸ਼ ਭਾਵੇਂ ਆਜ਼ਾਦ ਹੋ ਗਿਐ ਪਰ ਅਸੀਂ ਅੱਜ ਵੀ ਗੁਲਾਮ ਹਾਂ

ਭਾਰਤ ਨੂੰ ਆਜ਼ਾਦ ਹੋਇਆਂ 70 ਸਾਲ ਦਾ ਸਮਾਂ ਬੀਤ ਗਿਆ ਹੈ। ਪਰ ਹਾਲੇ ਤਕ ਸਾਡੇ ਲੋਕਾਂ ਨੂੰ ਸਹੀ ਅਰਥਾਂ ਵਿਚ ਅਜ਼ਾਦੀ ਨਹੀਂ ਮਿਲੀ। ਸਮਾਜ ਦੀ ਬਿਹਤਰੀ ਲਈ ਜੋ ਕੰਮ ਹੋਣਾ ਚਾਹੀਦਾ ਸੀ ਨਹੀਂ ਹੋਇਆ। ਇਸ ਪਿਛੇ ਕਈ ਕਾਰਨ ਹਨ। ਦੇਸ਼ ਦੀ ਬਹੁਗਿਣਤੀ ਲੋਕ ਜੋ ਅੱਜ ਸਾਡੇ ਤੇ ਹਕੂਮਤ ਕਰ ਰਹੇ ਹਨ। ਅਜ਼ਾਦੀ ਸੰਘਰਸ਼ ਤੋਂ ਅਣਭਿੱਜ ਰਹੇ। ਦੇਸ਼ ਦੀ ਬਹੁ ਗਿਣਤੀ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੀ ਲੜਾਈ ਵਿਚ ਆਪਣੀ ਗਿਣਤੀ ਦੇ ਹਿਸਾਬ ਨਾਲ ਬਹੁਤ ਘੱਟ ਯੋਗਦਾਨ ਪਾਇਆ। ਦੇਸ਼ ਦੀਆਂ ਘੱਟ ਗਿਣਤੀ ਕੌਮਾਂ ਜਿੰਨਾਂ ਦਾ ਦੇਸ਼ ਦੀ ਸੱਤਾ ਵਿਚ ਹਿੱਸਾ ਨਹੀਂ ਹੈ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵੱਧ ਚੜ੍ਹ ਕੇ ਹਿੱਸਾ ਪਾਇਆ। ਸਿੱਖਾਂ ਦੀ ਗੱਲ ਕਰੀਏ ਤਾਂ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਵਿਚ ਉਨ੍ਹਾਂ ਦਾ ਯੋਗਦਾਨ 75 ਤੋਂ 80 ਪ੍ਰਤੀਸ਼ਤ ਹੈ ਜਦੋਂਕਿ ਆਬਾਦੀ ਅੱਜ ਵੀ 2 ਪ੍ਰਤੀਸ਼ਤ ਹੈ।

ਅੱਜ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਚੱਲ ਰਹੀ ਹੈ । ਜਿਸ ਦਾ ਅਰਥ ਹੈ ਕਿ ਗਿਣਤੀ ਪੱਖੋਂ ਜ਼ਿਆਦਾ ਹਨ ਲੋਕਤੰਤਰ ਹੈ। ਘੱਟ ਗਿਣਤੀ ਕੌਮਾਂ ਤਾਂ ਅੱਗੇ ਆ ਹੀ ਨਹੀਂ ਸਕਦੀਆਂ। ਅੱਜ ਦੇਸ਼ ਅੰਦਰ ਹਿੰਦੂ ਫਿਰਕਾਪ੍ਰਸਤੀ ਫੈਲ ਰਹੀ ਹੈ। ਸੋਚੀ ਸਮਝੀ ਸਾਜ਼ਿਸ਼ ਤਹਿਤ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਵੇਂ ਗਊ ਰੱਖਿਆ ਦਾ ਨਾਮ ਵਰਤਿਆ ਜਾ ਰਿਹਾ ਹੈ। ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਫਿਰ ਸਿੱਖਾਂ ਦੀ ਵਾਰੀ ਆ ਜਾਵੇਗੀ। ਇਸ ਨਾਲ ਦੇਸ਼ ਦੀ ਅੰਦਰੂਨੀ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਬਣਿਆ ਰਹੇਗਾ। ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਨੂੰ ਘੱਟ ਗਿਣਤੀ ਕੌਮਾਂ ਨੂੰ ਨਾਲ ਲੈ ਕੇ



ਤੁਰਨਾ ਚਾਹੀਦਾ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਅਨੁਸਾਰ ਬਣਦਾ ਮਾਣ ਸਤਿਕਾਰ ਹਰ ਪੱਧਰ 'ਤੇ ਦੇਣਾ ਚਾਹੀਦਾ ਹੈ।

ਅੱਜ ਚੀਨ ਭਾਰਤ ਨੂੰ ਅੱਖਾਂ ਵਿਖਾ ਰਿਹਾ ਹੈ। ਬੀ. ਜੇ. ਪੀ. ਦੇ ਆਗੂ ਉਸ ਖਿਲਾਫ਼ ਇਕ ਵੀ ਸ਼ਬਦ ਨਹੀਂ ਬੋਲ ਰਹੇ। ਚੋਣਾਂ ਵੇਲੇ ਅਸੀਂ ਸਭ ਨੇ ਸੁਣਿਆ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਕਹਿੰਦੇ ਸੀ ਦੁਸ਼ਮਣ ਨਾਲ ਲੜਨ ਲਈ 56 ਇੰਚ ਦਾ ਸੀਨਾ ਚਾਹੀਦਾ ਹੈ। ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਚੀਨ ਨੂੰ ਆਪਣਾ 56 ਇੰਚ ਦਾ ਸੀਨਾ ਵਿਖਾਉਣਾ ਚਾਹੀਦਾ ਹੈ। ਅਸਲ ਵਿਚ 56 ਇੰਚ ਦੇ ਸੀਨੇ ਦੀ ਨਹੀਂ ਸਿਆਣਪ ਦੀ ਲੋੜ ਹੈ। ਕੂਟਨੀਤਕ ਗੱਲਾਂ ਦੀ ਲੋੜ ਹੈ । ਜਿਸ ਨਾਲ ਅਸੀਂ ਵਿਰੋਧੀ ਦੇਸ਼ ਨੂੰ ਹਰਾਇਆ ਜਾ ਸਕਦਾ ਹੈ। ਜੇਕਰ ਅਸੀਂ ਸਭ ਕੌਮਾਂ ਨੂੰ ਨਾਲ ਲੈ ਕੇ ਤੁਰਨ ਦੀ ਨੀਤੀ ਅਪਣਾਵਾਂਗੇ ਤਾਂ ਅਸੀਂ ਹਰ ਚੁਣੌਤੀ ਦਾ ਸਾਹਮਣਾ ਕਰ ਸਕਦੇ ਹਾਂ। ਕਿਸੇ ਵੀ ਕੌਮ ਨੂੰ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਨਹੀਂ ਹੋਣਾ ਚਾਹੀਦਾ। ਜੇਕਰ ਦੇਸ਼ ਵਿਚ ਅੰਦਰੂਨੀ ਸ਼ਾਂਤੀ ਹੋਵੇਗੀ ਤਾਂ ਹੀ ਬਾਹਰੀ ਖ਼ਤਰਿਆਂ ਨਾਲ ਨਜਿੱਠਿਆ ਜਾ ਸਕਦਾ ਹੈ।

ਹਰ ਸਾਲ ਕਰੋੜਾਂ ਰੁਪਏ ਆਜ਼ਾਦੀ ਦਿਵਸ ਬਣਾਉਣ ਤੇ ਖਰਚ ਕਰ ਦਿੰਦੇ ਹਾਂ। ਇਸ ਵਿਚ ਫਾਇਦਾ ਕਿਸੇ ਦਾ ਨਹੀਂ ਹੁੰਦਾ। ਆਜ਼ਾਦੀ ਦਿਹਾੜਾ ਮਨਾਉਣਾ ਸਿਰਫ਼ ਇਕ ਰਸਮ ਨਿਭਾਉਣ ਤੇ ਕਰੋੜਾਂ ਰੁਪਏ ਖਰਚ ਕਰਨਾ ਸਮਝ ਤੋਂ ਬਾਹਰ ਹੈ। ਇਸ ਦਿਨ ਜਿਹੜੀਆਂ ਕੌਮਾਂ ਨੇ ਆਜ਼ਾਦੀ ਦਿਵਾਉਣ ਵਿਚ ਤਕੜਾ ਰੋਲ ਅਦਾ ਕੀਤਾ ਹੈ। ਉਨ੍ਹਾਂ ਨੂੰ ਯਾਦ ਕਰਨ ਦਾ, ਉਨ੍ਹਾਂ ਦੇ ਸਰਪ੍ਰਸਤਾਂ ਨੂੰ ਸਨਮਾਨਿਤ ਕਰਨ ਦਾ ਦਿਨ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਬੱਚਿਆਂ ਲਈ ਕਲਿਆਣਕਾਰੀ ਯੋਜਨਾਵਾਂ ਬਣਾਉਣ ਦਾ ਦਿਨ ਹੋਣਾ ਚਾਹੀਦਾ ਹੈ। ਸਿੱਖਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਨਹੀਂ ਪਾਇਆ। ਕੌਮ ਨੂੰ ਸਨਮਾਨਿਤ ਕਰਨ ਲਈ ਕਿਸੇ ਨਾ ਕਿਸੇ ਖੇਤਰ ਦੀ ਨੌਕਰੀ ਵਿਚ ਸਿਰਫ਼ ਸਿੱਖਾਂ ਅਤੇ ਹੋਰ ਦੂਸਰੀਆਂ ਕੌਮਾਂ ਜਿਨ੍ਹਾਂ ਨੇ ਆਜ਼ਾਦੀ ਹਾਸਲ ਕਰਨ ਵਿਚ ਵੱਧ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਲਈ ਸਪੈਸ਼ਲ ਰਿਜ਼ਰਵੇਸ਼ਨ ਹੋਣੀ ਚਾਹੀਦੀ ਸੀ ਤਾਂ ਜੋ ਉਹ ਕੌਮਾਂ ਵੱਧ ਫੁੱਲ ਸਕਣ। ਉਨ੍ਹਾਂ ਨੂੰ ਅਹਿਸਾਸ ਹੋਵੇ ਕਿ ਅਸੀਂ ਜਿਸ ਦੇਸ਼ ਨੂੰ ਆਜ਼ਾਦ ਕਰਵਾਇਆ ਆਪਣਾ ਖ਼ੂਨ ਪਾਣੀ ਵਾਂਗ ਵਹਾਇਆ ਹੈ। ਉਹ ਦੇਸ਼ ਸਾਡਾ ਹੈ। ਦੇਸ਼ ਦਾ ਮਾਹੌਲ ਭੈਅ ਮੁਕਤ ਹੋਣਾ ਚਾਹੀਦਾ ਹੈ। ਇਹੀ ਅਜ਼ਾਦੀ ਦਿਵਸ ਮਨਾਉਣ ਦਾ ਮਕਸਦ ਹੋਣਾ ਚਾਹੀਦਾ ਹੈ। ਅੱਜ ਬਹੁਤੇ ਲੋਕਾਂ ਨੂੰ ਆਜ਼ਾਦੀ ਬੇਗ਼ਾਨੀ ਅਤੇ ਬੇਸੁਆਦ ਜਾਪ ਰਹੀ ਹੈ।

ਪ੍ਰਗਟ ਸਿੰਘ ਜੰਬਰ

# ਸ੍ਰੀ ਕੀਰਤਪੁਰ ਸਾਹਿਬ ਸਕੂਲ ਆਫ਼ ਐਮੀਨੈਂਸ, ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਇਲਾਕੇ ਨੂੰ ਬਹੁਤ ਵੱਡੀ ਦੇਣ

**ਕੌਮੀ ਪਤ੍ਰਿਕਾ**

ਸ੍ਰੀ ਕੀਰਤਪੁਰ ਸਾਹਿਬ 14 ਅਗਸਤ। ਹਰ ਇਕ ਮਾਤਾ-ਪਿਤਾ ਦਾ ਸੁਫ਼ਨਾ ਹੁੰਦਾ ਹੈ ਕਿ ਉਸ ਦਾ ਬੱਚਾ ਵਧੀਆ ਸਕੂਲ ਵਿਚ ਉੱਚ ਦਰਜੇ ਦੀ ਸਿੱਖਿਆ ਪ੍ਰਾਪਤ ਕਰੇ ਅਤੇ ਸਿੱਖਿਆ ਪ੍ਰਾਪਤ ਕਰਕੇ ਚੰਗੇ ਅਹੁਦੇ 'ਤੇ ਬਿਰਾਜਮਾਨ ਹੋਵੇ ਪਰ ਆਰਥਿਕ ਤੰਗੀ ਤੋਂ ਪ੍ਰੇਸ਼ਾਨ ਲੋਕਾਂ ਦਾ ਇਹ ਸੁਫ਼ਨਾ, ਸੁਫ਼ਨਾ ਹੀ ਰਹਿ ਜਾਂਦਾ ਹੈ ਕਿਉਂਕਿ ਨਿੱਜੀ ਸਕੂਲਾਂ ਦੀਆਂ ਬਹੁਤ ਜ਼ਿਆਦਾ ਫ਼ੀਸਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਦੇ ਸਕਣਾ ਗ਼ਰੀਬ ਪਰਿਵਾਰਾਂ ਲਈ ਬਹੁਤ ਹੀ ਔਖਾ ਹੁੰਦਾ ਹੈ। ਇਸ ਸਮੱਸਿਆ ਨੂੰ ਸਮਝਦੇ ਹੋਏ ਸਾਲ 2022 ਵਿਚ ਸੂਬੇ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਹਰੇਕ ਵਰਗ ਦੇ ਬੱਚਿਆਂ ਨੂੰ ਉੱਚ ਦਰਜੇ ਦੀ ਸਿੱਖਿਆ ਦੇਣ ਲਈ ਪੰਜਾਬ ਵਿਚ 117 ਸਕੂਲ ਆਫ਼ ਐਮੀਨੈਂਸ ਬਣਾਏ ਗਏ ਸਨ, ਜਿਨ੍ਹਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 21 ਜਨਵਰੀ 2023 ਨੂੰ ਉਦਘਾਟਨ ਕੀਤਾ ਗਿਆ ਸੀ, ਜਿਸ ਤਹਿਤ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਸ਼ਵ ਪ੍ਰਸਿੱਧ ਧਾਰਮਿਕ ਨਗਰੀ ਸ੍ਰੀ ਕੀਰਤਪੁਰ ਸਾਹਿਬ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਕੀਰਤਪੁਰ ਸਾਹਿਬ ਨੂੰ ਸਕੂਲ ਆਫ਼ ਐਮੀਨੈਂਸ ਬਣਾ ਦਿੱਤਾ ਗਿਆ ਸੀ ਅਤੇ ਇਸ ਸਕੂਲ ਦੀ ਕਾਇਆ ਕਲਪ ਕਰਨ ਲਈ, ਨਵੀਆਂ ਇਮਾਰਤਾਂ ਬਣਾਉਣ ਲਈ ਲਈ 10.69 ਕਰੋੜ ਰੁਪਏ ਦੀ ਗ੍ਰਾਂਟ ਪਾਸ ਕੀਤੀ ਗਈ ਸੀ ਜੋਕਿ ਪੰਜਾਬ ਵਿਚ ਸਕੂਲਾਂ ਨੂੰ ਜਾਰੀ ਹੋਈਆਂ ਗ੍ਰਾਂਟਾਂ ਵਿਚੋਂ ਸਭ ਤੋਂ ਵੱਡੀ ਗ੍ਰਾਂਟ ਸੀ, ਹੁਣ ਸਕੂਲ ਦੀ ਗ੍ਰਾਂਟ ਨੂੰ ਵਧਾ ਕੇ 12 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸਕੂਲ ਆਫ਼ ਐਮੀਨੈਂਸ ਸ੍ਰੀ ਕੀਰਤਪੁਰ ਸਾਹਿਬ ਦੀ ਇਮਾਰਤ ਦਾ ਕੰਮ ਕਰਵਾਉਣ ਲਈ ਲੋਕ ਨਿਰਮਾਣ ਵਿਭਾਗ ਵੱਲੋਂ ਜੋ ਟੈਂਡਰ ਲਗਾਇਆ ਗਿਆ ਸੀ, ਉਹ ਟੈਂਡਰ ਅਨਮੋਲ ਕੰਸਟਰਕਸ਼ਨ ਕੰਪਨੀ ਪਟਿਆਲਾ ਨੂੰ ਮਿਲਿਆ ਸੀ ਜਿਸ ਵੱਲੋਂ ਕੀਰਤਪੁਰ ਸਾਹਿਬ ਸਕੂਲ ਦੀ ਪੁਰਾਣੀ ਇਮਾਰਤ ਦੀ ਰੈਨੋਵੇਸ਼ਨ ਦਾ ਕੰਮ ਲਗਭਗ 90% ਤੱਕ ਪੂਰਾ ਕਰ ਲਿਆ ਹੈ, ਹੁਣ ਪੁਰਾਣੀ ਇਮਾਰਤ ਵੀ ਨਵੀਂ ਇਮਾਰਤ ਦਾ ਭੁਲੇਖਾ ਪਾ ਰਹੀ ਹੈ। ਇਸ ਤੋਂ ਇਲਾਵਾ ਬੀ ਬਲਾਕ ਦੀ ਤਿੰਨ ਮੰਜ਼ਿਲਾਂ ਇਮਾਰਤ ਦਾ ਲੈਂਟਰ ਵੀ ਪਾਇਆ ਜਾ ਚੁੱਕਿਆ ਹੈ, ਇਸ ਤੋਂ ਇਲਾਵਾ ਏ ਬਲਾਕ ਦੀ ਚਾਰ ਮੰਜ਼ਲੀ ਇਮਾਰਤ ਨੂੰ ਬਣਾਉਣ ਦਾ ਕੰਮ ਵੀ ਚੱਲ ਰਿਹਾ ਹੈ, ਜਿਸ ਦੀ ਗਰਾਊਂਡ ਫਲੋਰ ਦੀ ਸਲੈਬ ਪੈ ਚੁੱਕੀ ਹੈ ਅਤੇ ਦੂਜੀ ਸਲੈਬ ਦੋ ਹਫ਼ਤੇ ਤੱਕ ਪੈਣ ਦੀ ਉਮੀਦ ਹੈ। ਸਕੂਲ ਆਫ਼ ਐਮੀਨੈਂਸ ਕੀਰਤਪੁਰ ਸਾਹਿਬ ਦੀ ਚਾਰ ਮੰਜਿਲਾਂ ਅਤੇ ਤਿੰਨ ਮੰਜਿਲਾਂ ਨਵੀਂ ਇਮਾਰਤ ਬਾਰੇ ਜਾਣਕਾਰੀ ਦਿੰਦੇ ਹੋਏ ਲੋਕ ਨਿਰਮਾਣ ਵਿਭਾਗ ਦੇ ਜੇਈ ਇੰਜੀਨੀਅਰ ਸੁਖਵੀਰ ਸਿੰਘ ਨੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਦੀ ਨਵੀਂ ਇਮਾਰਤ ਬਣਾਉਣ ਅਤੇ ਪੁਰਾਣੀ ਇਮਾਰਤ ਦੀ ਕਾਇਆ ਕਲਪ ਕਰਨ ਲਈ ਕਰੀਬ 10.69 ਕਰੋੜ ਰੁਪਏ ਦੀ ਗ੍ਰਾਂਟ ਪਾਸ ਹੋਈ ਹੈ, ਜਿਹੜੀ ਕਿ ਹੁਣ ਵੱਧ ਕੇ ਕਰੀਬ 12 ਕਰੋੜ ਰੁਪਏ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਪੁਰਾਣੀ ਇਮਾਰਤ ਦੀ ਰੈਨੋਵੇਸ਼ਨ ਦਾ ਕੰਮ ਲਗਭਗ 90 ਫ਼ੀਸਦੀ ਮੁਕੰਮਲ ਹੋ ਚੁੱਕਿਆ ਹੈ। ਜਿਸ ਦੇ ਕਲਾਸ ਰੂਮਾਂ ਨੂੰ ਵੱਡੀਆਂ ਨਵੀਆਂ ਤਾਕੀਆਂ, ਸ਼ੀਸ਼ੇ, ਦਰਵਾਜੇ, ਟਾਈਲਾਂ ਲਗਾਈਆਂ ਗਈਆਂ ਹਨ, ਸਟੀਲ ਦਾ ਜੰਗਲਾ ਲਗਾਇਆ ਗਿਆ ਹੈ। ਗਰੀਨ ਮਾਰਬਲ ਲਗਾਇਆ ਗਿਆ ਹੈ। ਰੰਗ ਰੋਗਨ ਕਰ ਕੇ ਪੁਰਾਣੀਆਂ ਇਮਾਰਤਾਂ ਨੂੰ ਇਕ ਵੱਖਰੀ ਨਵੀਂ ਦਿੱਖ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਤਿੰਨ ਮੰਜ਼ਿਲਾਂ ਬੀ ਬਲਾਕ ਦਾ ਲੈਂਟਰ ਪਾਉਣ ਦਾ ਕੰਮ ਪੂਰਾ ਹੋ ਚੁੱਕਿਆ ਹੈ, ਚੁਗਾਠਾਂ ਲਗਾਉਣ ਦਾ ਕੰਮ ਚੱਲ ਰਿਹਾ ਹੈ। ਹੁਣ ਸਿਰਫ ਇਸ



ਦਾ ਪਲਸਤਰ,ਦਰਵਾਜੇ, ਖਿੜਕੀਆਂ, ਬਿਜਲੀ ਦੀ ਫਿਟਿੰਗ,ਟਾਈਲਾਂ ਲਗਾਉਣ ਦਾ ਕੰਮ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਇਮਾਰਤ ਵਿਚ ਮਿਡ ਡੇ ਮੀਲ, ਰਸੋਈ, ਡਾਇਨਿੰਗ ਹਾਲ, ਚਾਰ ਕਲਾਸ ਰੂਮ, ਲਾਇਬਰੇਰੀ, ਇੰਟਰਗ੍ਰੇਟਿਡ ਲੈਬ ਤੋਂ ਇਲਾਵਾ ਹਰੇਕ ਮੰਜ਼ਿਲ ਤੇ ਬਾਥਰੂਮ ਤੇ ਪਖਾਨੇ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਏ ਬਲਾਕ ਦੀ ਚਾਰ ਮੰਜਿਲਾਂ ਇਮਾਰਤ ਦੀ ਗਰਾਊਂਡ ਫਲੋਰ ਦੀ ਸਲੈਬ ਪਾਈ ਜਾ ਚੁੱਕੀ ਹੈ। ਦੂਜੀ ਸਲੈਬ 15 ਦਿਨਾਂ ਦੇ ਵਿਚ ਪੈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਇਮਾਰਤ ਵਿੱਚ ਪ੍ਰਿੰਸੀਪਲ ਦਾ ਦਫਤਰ,ਕਲਾਸ ਰੂਮ, ਵੱਖ-ਵੱਖ ਸਾਇੰਸ ਲੈਬਸ, ਕੰਪਿਊਟਰ ਲੈਬ, ਮਲਟੀਪਰਪਜ਼ ਹਾਲ, ਹਰੇਕ ਮੰਜ਼ਿਲ ਤੇ ਬਾਥਰੂਮ, ਪਖਾਨੇ,ਰੈਂਪ ਬਣਾਇਆ ਜਾਵੇਗਾ ਜੋ ਹਰੇਕ ਬਲਾਕ ਨਾਲ ਜੁੜੇਗਾ। ਇਸ ਤੋਂ ਇਲਾਵਾ ਇਸ ਬਲਾਕ ਵਿਚ ਲਿਫਟ ਵੀ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੰਮ ਦਸੰਬਰ 2025 ਤੱਕ ਪੂਰਾ ਕਰਨ ਦਾ ਟਿੱਚਾ ਹੈ। ਸਕੂਲ ਆਫ਼ ਐਮੀਨੈਂਸ ਸ੍ਰੀ ਕੀਰਤਪੁਰ ਸਾਹਿਬ ਦੇ ਪ੍ਰਿੰਸੀਪਲ ਸ਼ਰਨਜੀਤ ਸਿੰਘ ਰਾਣਾ ਨੇ ਦੱਸਿਆ ਕਿ ਸਕੂਲ ਵਿਚ ਇਸ ਸਮੇਂ 6ਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ 716 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਜਿਨ੍ਹਾਂ ਦੀ ਗਿਣਤੀ ਹੌਲੀ ਹੌਲੀ ਵਧ ਰਹੀ ਹੈ। ਉਨ੍ਹਾਂ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਦੀਆਂ 9ਵੀਂ ਤੋਂ 12ਵੀਂ ਜਮਾਤ ਤੱਕ ਦੀਆਂ ਕਲਾਸਾਂ ਵਿਚ 220 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸਕੂਲ ਵਿਚ ਆਰਟਸ, ਮੈਡੀਕਲ, ਨਾਨ ਮੈਡੀਕਲ ਅਤੇ ਕਾਮਰਸ ਗਰੁੱਪ ਚਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਹਰੇਕ ਸਟਰੀਮ ਲਈ 32-32 ਸੀਟਾਂ ਹਨ ਜਦ ਕਿ ਨੌਵੀਂ ਅਤੇ ਦਸਵੀਂ ਜਮਾਤ ਲਈ 36-36 ਸੀਟਾਂ ਹਨ। ਉਨ੍ਹਾਂ ਦੱਸਿਆ ਕਿ ਸਕੂਲ ਆਫ ਐਮੀਨੈਂਸ ਦੀਆਂ ਇਨ੍ਹਾਂ ਸੀਟਾਂ ਲਈ ਪਹਿਲਾਂ ਦਾਖਲਾ ਟੈਸਟ ਹੁੰਦਾ ਹੈ, ਫਿਰ ਨਤੀਜਾ ਆਉਣ ਤੋਂ ਬਾਅਦ ਮੈਰਿਟ ਬਣਦੀ ਹੈ ਜਿਸ ਅਨੁਸਾਰ ਵਿਦਿਆਰਥੀਆਂ ਨੂੰ ਸਕੂਲ ਵਿਚ ਦਾਖਲਾ ਮਿਲਦਾ ਹੈ। ਪ੍ਰਿੰਸੀਪਲ ਸ਼ਰਨਜੀਤ ਸਿੰਘ ਨੇ ਦੱਸਿਆ ਕਿ ਸਕੂਲ ਆਫ ਐਮੀਨੈਂਸ ਦੇ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਜਿਨ੍ਹਾਂ ਦਾ ਘਰ ਤਿੰਨ ਕਿਲੋਮੀਟਰ ਤੋਂ ਵੱਧ ਦੂਰ ਪੈਂਦਾ ਹੈ, ਨੂੰ ਘਰ ਤੋਂ ਸਕੂਲ ਲਿਆਉਣ ਅਤੇ ਸਕੂਲ ਤੋਂ ਘਰ ਛੱਡਣ ਲਈ ਮੁਫਤ ਬੱਸਾਂ ਦਾ ਪ੍ਰਬੰਧ ਹੈ। ਪ੍ਰਿੰਸੀਪਲ ਸ਼ਰਨਜੀਤ ਸਿੰਘ ਨੇ ਦੱਸਿਆ ਕਿ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਲਈ ਸਕੂਲ ਆਫ਼ ਐਮੀਨੈਂਸ ਦੀਆਂ ਨੌਵੀਂ ਤੋਂ ਬਾਰ੍ਹਵੀਂ ਤੱਕ 25 ਫੀਸਦੀ ਸੀਟਾਂ ਰਾਖਵੀਆਂ ਹਨ। ਉਨ੍ਹਾਂ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਮੁਫ਼ਤ ਕੋਚਿੰਗ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਸੰਗਠਨ ਇੰਚਾਰਜ ਅਤੇ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਸਕੂਲ ਆਫ਼ ਐਮੀਨੈਂਸ ਬਣਾਇਆ ਗਿਆ ਹੈ ਅਤੇ ਇਸ ਸਕੂਲ ਦੀ ਨਵੀਂ ਇਮਾਰਤ ਬਣਾਉਣ ਲਈ 12 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਆਉਣ ਵਾਲੇ ਕੁਝ ਮਹੀਨਿਆਂ ਵਿਚ ਇਸ ਸਕੂਲ ਦੀ ਨਵੀਂ ਇਮਾਰਤ ਬਣ ਕੇ ਤਿਆਰ ਹੋ ਜਾਵੇਗੀ। ਸਿੱਖਿਆ ਪੱਖੋਂ ਹਰਜੋਤ ਸਿੰਘ ਬੈਂਸ ਦੀ ਇਲਾਕੇ ਨੂੰ ਬਹੁਤ ਵੱਡੀ ਦੇਣ ਹੈ। ਇਸ ਸਕੂਲ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਗਰੀਬ ਲੋਕਾਂ ਦੇ ਬੱਚਿਆਂ ਦਾ ਭਵਿੱਖ ਉਜਵਲ ਹੋਵੇਗਾ ਅਤੇ ਉਹ ਹਰੇਕ ਮੁਕਾਬਲੇ ਦੀ ਪ੍ਰੀਖਿਆ ਲਈ ਤਿਆਰ ਹੋਣਗੇ। ਇਲਾਕੇ ਦੇ ਲੋਕ ਹਰਜੋਤ ਬੈਂਸ ਦੀ ਇਸ ਦੇਣ ਨੂੰ ਕਦੀ ਵੀ ਭੁਲਾ ਨਹੀਂ ਸਕਦੇ।

## ਭਾਜਪਾ ਆਗੂ ਰਣਜੀਤ ਸਿੰਘ ਗਿੱਲ ਨੂੰ ਹਾਈ ਕੋਰਟ ਤੋਂ ਮਿਲੀ ਰਾਹਤ

ਚੰਡੀਗੜ੍ਹ 14 ਅਗਸਤ। ਖਰੜ ਸਥਿਤ ਰੀਅਲ ਅਸਟੇਟ ਕਾਰੋਬਾਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਆਗੂ ਰਣਜੀਤ ਸਿੰਘ ਗਿੱਲ ਨੂੰ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਉਨ੍ਹਾਂ ਤੋਂ ਹੋਣ ਵਾਲੀ ਪੁੱਛਗਿੱਛ 'ਤੇ ਸੋਮਵਾਰ ਤੱਕ ਪਾਬੰਦੀ ਲਗਾ ਦਿੱਤੀ ਹੈ। ਇਹ ਮਾਮਲਾ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਗਿੱਲ ਨੇ ਪੰਜਾਬ ਪੁਲਸ ਵੱਲੋਂ ਸੰਭਾਵਿਤ ਗ੍ਰਿਫਤਾਰੀ ਦੇ ਡਰ ਤੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ। ਇਸ ਮਾਮਲੇ 'ਤੇ ਵੀਰਵਾਰ ਨੂੰ ਹਾਈ ਕੋਰਟ ਦੇ ਜਸਟਿਸ ਤ੍ਰਿਭੁਵਨ ਦਹੀਆ ਨੇ ਪੰਜਾਬ ਸਰਕਾਰ ਨੂੰ 13 ਅਗਸਤ ਤੱਕ ਜਵਾਬ ਦਾਇਰ ਕਰਨ ਦਾ ਨੋਟਿਸ ਜਾਰੀ ਕੀਤਾ, ਪਰ ਗਿੱਲ ਨੂੰ ਤੁਰੰਤ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਦੱਸ ਦੇਈਏ ਕਿ ਪਿਛਲੀ ਸੁਣਵਾਈ ਦੌਰਾਨ, ਜਸਟਿਸ ਅਰਾਧਨਾ ਸਾਹਨੀ ਦੀ ਸਿੰਗਲ ਬੈਂਚ ਨੇ ਇਸ ਮਾਮਲੇ ਨੂੰ ਚੀਫ ਜਸਟਿਸ ਕੋਲ ਭੇਜ ਦਿੱਤਾ ਸੀ ਤਾਂ ਜੋ ਢੁਕਵੇਂ ਬੈਂਚ ਵੱਲੋਂ ਇਸ ਦੀ ਸੰਭਾਲ ਕੀਤੀ ਜਾ ਸਕੇ। ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਵੱਲੋਂ ਦਾਇਰ ਪੈਂਡਿੰਗ ਪਟੀਸ਼ਨ ਨਾਲ ਜੁੜਿਆ ਹੋਇਆ ਹੈ।

## ਅਜਨਾਲਾ ਹਲਕੇ ਸਮੇਤ ਪੰਜਾਬ 'ਚ 5 ਹਜਾਰ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਦੀਆਂ ਖਾਲੀ ਅਸਾਮੀਆਂ ਅਗਲੇ ਮਹੀਨੇ ਸਤੰਬਰ 'ਚ ਭਰਾਂਗੇ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ/ਅਜਨਾਲਾ/ਰਮਦਾਸ, 14 ਅਗਸਤ: ਅੱਜ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਵਲੋਂ ਇਤਿਹਾਸਕ ਤੇ ਸਰਹੱਦੀ ਨਗਰੀ ਰਮਦਾਸ ਸਮੇਤ ਨੇੜੇ ਤੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਦਰਪੇਸ਼ ਪ੍ਰਸ਼ਾਸ਼ਨੀ ਸਮੱਸਿਆਵਾਂ ਦਾ ਨਿਆਂ ਦਿਵਾਉਣ ਲਈ ਸਿਵਲ ਤੇ ਪੁਲੀਸ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਨਗਰ ਰਮਦਾਸ ਵਿਖੇ ਜਨਤਾ ਦਰਬਾਰ ਲਗਾਇਆ ਗਿਆ, ਜਿਸ ਦੌਰਾਨ ਵਿਧਾਇਕ ਸ: ਧਾਲੀਵਾਲ ਨੇ ਪੁਲੀਸ, ਸਿਹਤ , ਸਿੱਖਿਆ, ਵਿਕਾਸ, ਬਿਜਲੀ ਵਿਭਾਗ, ਸਿੰਚਾਈ ਵਿਭਾਗ, ਆਂਗਣਵਾੜੀ ਕੇਂਦਰਾਂ, ਤੇ ਪੰਚਾਇਤੀ ਰਾਜ ਸਮੇਤ ਅਜਨਾਲਾ ਸਬ ਡਵੀਜਨ ਚੋਂ ਲੰਘਦੇ ਕੌਮਾਂਤਰੀ ਰਾਵੀ ਦਰਿਆ 'ਚ ਸੰਭਾਵੀ ਹੜਾਂ ਬਾਰੇ ਵੀ ਮੁੱਦਾ ਉਠਾਉਣ ਆਦਿ ਵਿਭਾਗਾਂ ਨਾਲ ਜੁੜੀਆਂ ਦਰਜਨਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਪ੍ਰਸ਼ਾਸ਼ਨ ਕੋਲੋਂ ਹੱਲ ਕਰਵਾ ਕੇ ਇਨ੍ਹਾਂ ਦਿੱਕਤਾਂ ਦਾ ਹੱਲ ਕਰਵਾਉਣ ਲਈ ਦੂਰ ਨੇੜੇ ਦਫਤਰਾਂ 'ਚ ਜਾਣ ਸਮੇਂ ਹੁੰਦੀ ਖੱਜ਼ਲ ਖਰਾਬੀ ਤੋਂ ਵੱਡੀ ਰਾਹਤ ਦਿਵਾਈ। ਜਨਤਾ ਦਰਬਾਰ ਨੂੰ ਸੰਬੋਧਨ ਕਰਦਿਆਂ ਸ: ਧਾਲੀਵਾਲ ਨੇ ਕਿਹਾ ਕਿ ਲੋਕ ਸੇਵਾ ਹੀ ਮਾਨਵਤਾ ਦੀ ਉਤਮ ਸੇਵਾ ਹੈ ਅਤੇ ਮਾਨਵਤਾ ਦੀ ਸੇਵਾ 'ਚੋਂ ਹੀ ਰੱਬ ਦੀ ਸੇਵਾ ਨਜ਼ਰ ਆਉਂਦੀ ਹੈ, ਜਿਸ ਦੇ ਮੱਦੇਨਜ਼ਰ ਉਨ੍ਹਾਂ ਸਮੇਤ ਉਨ੍ਹਾਂ ਦਾ ਪਰਿਵਾਰ ਦੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਲੋਕਾਂ ਦੀ ਸੇਵਾ ਲਈ 24 ਘੰਟੇ ਦਰਵਾਜੇ ਖੁਲ੍ਹੇ ਹਨ। ਉਨ੍ਹਾਂ ਨੇ ਹਲਕੇ ਚ ਆਂਗਣਵਾੜੀ ਕੇਂਦਰਾਂ 'ਚ ਮੁਲਾਜਮਾਂ ਦੀ ਘਾਟ ਬਾਰੇ ਉੱਠੇ ਮੱਸਲੇ ਦੇ ਜੁਆਬ 'ਚ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਅਗਲੇ ਮਹੀਨੇ 30 ਸਤੰਬਰ ਤੱਕ 5 ਹਜਾਰ ਤੋਂ ਵੱਧ ਆਗਣਵਾੜੀ ਵਰਕਰ ਤੇ ਸਹਾਇਕਾਂ ਦੀ ਮੈਰਿਟ ਦੇ ਅਧਾਰ ਤੇ ਭਰਤੀ ਕਰਨ ਜਾ ਰਹੀ ਹੈ ਜਿਸ ਬਾਰੇ ਬਕਾਇਦਾ ਇਸੇ ਮਹੀਨੇ 22 ਅਗਸਤ ਨੂੰ ਨਵੀਂ ਭਰਤੀ ਲਈ ਮੀਡੀਆ 'ਚ ਇਸ਼ਤਿਹਾਰ ਜਾਰੀ ਕਰ ਦਿੱਤਾ ਜਾਵੇਗਾ ਅਤੇ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਲਈ ਨੌਕਰੀ ਲੈਣ ਦੇ ਇੱਛੁਕ ਉਮੀਦਵਾਰਾਂ ਨੂੰ ਵਿਭਾਗੀ ਪਤੇ ਤੇ ਆਪਣੀਆਂ ਅਰਜੀਆਂ 22 ਸਤੰਬਰ ਤੱਕ ਪੁੱਜਦੀਆਂ ਕਰਨੀਆਂ ਹੋਣਗੀਆਂ। ਸਾਬਕਾ ਮੰਤਰੀ ਤੇ ਵਿਧਾਇਕ ਸ: ਧਾਲੀਵਾਲ ਨੇ ਸਿੱਖਾਂ ਦੇ 3 ਗੁਰੂਆਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਮੇਤ ਬ੍ਰਹਮ ਗਿਆਨੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਰਮਦਾਸ ਦੇ ਵਿਕਾਸ ਪੱਖੋਂ ਸੁੰਦਰੀਕਰਨ ਦੀ ਜਾਣਕਾਰੀ ਦਿੰਦਿਆਂ ਪ੍ਰਗਟਾਵਾ ਕੀਤਾ ਕਿ ਰਮਦਾਸ ਵਿਖੇ 2.75 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬਾਹਰੀ ਗੇਟ ਬਣਾਉਣ ਲਈ ਬਕਾਇਦਾ ਰਕਮ ਜਾਰੀ ਹੋ ਗਈ ਹੈ।

## ਵੱਡੀ ਕਾਰਵਾਈ ਦੀ ਤਿਆਰੀ 'ਚ ਸ਼ਰੋਮਣੀ ਅਕਾਲੀ ਦਲ, 'ਬਾਗੀ ਧੜੇ' ਨੂੰ ਦਿੱਤੀ ਚੇਤਾਵਨੀ

ਚੰਡੀਗੜ੍ਹ 14 ਅਗਸਤ। ਸ਼ਰੋਮਣੀ ਅਕਾਲੀ ਦਲ ਨੇ ਨਵੇਂ ਬਣੇ ਅਕਾਲੀ ਦਲ ਨੂੰ ਸਿੱਧੀ ਚੇਤਾਵਨੀ ਦਿੱਤੀ ਹੈ। ਪਾਰਟੀ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵੇਂ ਧੜੇ ਨੇ ਅਕਾਲੀ ਦਲ ਦਾ ਨਾਮ ਵਰਤਿਆ ਹੈ। ਅਸੀਂ ਪਾਰਟੀ ਵੱਲੋਂ ਬਾਗੀ ਧੜੇ ਖ਼?ਲਾਫ਼ ਕਰਿਮੀਨਲ ਕੇਸ ਦਾਇਰ ਕਰਾਂਗੇ, ਇਹ ਜਾਲ ਸਾਜ਼ੀ ਦੇ ਨਾਲ ਨਾਲ 420 ਵੀ ਹੈ। ਚੀਮਾ ਨੇ ਕਿਹਾ ਕਿ ਜਾਲਸਾਜ਼ੀ ਕਰਨ ਵਾਲੇ ਭਰਾਵਾਂ ਨੂੰ ਉਹ ਬੇਨਤੀ ਕਰਦੇ ਹਨ ਕਿ ਹੁਣ ਸੋਚ ਸਮਝ ਕੇ ਫੈਸਲਾ ਕਰਿਓ। ਸਾਡਾ ਸਟੈਂਡ ਸਪੱਸ਼ਟ ਹੈ। ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਕਾਲੀ ਦਲ ਦਾ ਨਾਂ ਵਰਤਣ ਵਾਲਿਆਂ 'ਤੇ ਹੁਣ ਸਖ਼ਤ ਕਾਰਵਾਈ ਕੀਤੀ ਜਾਵੇਗੀ। ਚੀਮਾ ਨੇ ਕਿਹਾ ਕਿ ਸਾਡੇ ਕੋਲ ਇਲੈਕਸ਼ਨ ਕਮਿਸ਼ਨ ਦਾ ਨੋਟੀਫਿਕੇਸ਼ਨ ਹੈ, ਜਿਸ ਵਿਚ ਬਕਾਇਦਾ ਸਾਨੂੰ ਤੱਕੜੀ ਦਾ ਚੋਣ ਨਿਸ਼ਾਨ ਆਲਾਟ ਕੀਤਾ ਗਿਆ ਹੈ। ਬਾਗੀਆਂ ਨੇ ਨਾ ਸਿਰਫ ਅਕਾਲੀ ਦਲ ਦਾ ਨਾਮ ਵਰਤਿਆ ਹੈ ਸਗੋਂ ਮੌਜੂਦਾ ਜਥੇਦਾਰ ਸਾਹਿਬ ਦੀ ਗੱਲ ਵੀ ਨਹੀਂ ਮੰਨੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵਕੀਲਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ,

